# ਲੋਕਤਾ

ਜਨਵਰੀ- 1989

**January- 1989**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

ਮਾਸਿਕ

# ਲੋਕਤਾ

ਜਨਵਰੀ/January 1989

2nd class Mail Reg. No. 6794

# The Lokta

Monthly Magazine

Vol. 13 No. 4

ਕਾ: ਪਿਆਰਾ ਸਿੰਘ ਬਾਸੀ ਨੂੰ ਸਮਰਪਤ



(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ

ਜਨਵਰੀ/January 1989

Vol. 13 No. 4

# The Lokta

P.O.BOX 67534 STN. '0'
VANCOUVER, B.C. V5W 3T9
Monthly Magazine — 2nd Class Mail
Reg. No. 6794



**LOKTA BOARD**

MANAGER

Harkewal S. Dhaliwal 588-4279

**EDITORIAL BOARD**

Jit S. Ankhi 596-6984
Soofi Amarjit 581-7811
Surinder S. Sangha 588-5217
Mohinder S. Soomel 327-6461
Gurnam S. Sanghera 325-1662

**ADVERTISEMENT**

Amarjit Chatha

**LOKTA Representative**

Ranjit S. Sandhu - Williams Lake (398-6111)
Surinder S. Johal - Edmonton (461-6073)
Nirmal S. Dhindsa - Brampton (453-8149)
Rajinder S. Dhaliwal - Winnipeg (633-5229)
Surjit S. Bopanrai - Quesnel (992-3849)
Hakam S. Hans - Prince Rupert (624-3284)
Shavinder S. Basi - Toronto (740-1235)



ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ — 25 ਸੈਂਟ



ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ

**ਰਾਜ ਸਿੰਘ ਮਾਨ**

ਨੂੰ ਮਿਲੋ

● ਲਾਈਫ਼ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ
● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ



**NORTH AMERICAN LIFE**
**R R S P**

**Ph. 943-1526**

**Raj Singh Maan** Sales Manager

1507 - 330 Portage Ave. WINNIPEG, MAN. R3C 0C4

**Res. 694-0731**

■ Personal ■ Children's ■ Group ■ Annuities

Commissioner for oaths

**RAJA CATERING SERVICES SINCE 1975**

Raja

• BEST FOOD
• BEST SERVICE • BEST PRICE

CALL BALWANT RAJA AT

**325-5014**

6450 MAIN STREET (at 49th., AVE)
VANCOUVER, B.C. CANADA V5W 2V4

**325-5014**

moti-mahal

**PH. 321-3223**

SPECIAL OFFER:

FOR WEDDING SWEETS AND YOUR CATERING NEEDS

**ਸੰਪਾਦਕੀ**

# ਬਰਨਾਲਾ ਨੇ ਮੂਲਵਾਦੀਆਂ ਅੱਗੇ ਗੋਡੇ ਟੇਕ ਦਿੱਤੇ

ਪੰਜਾਬ ਦੇ ਰਹਿ ਚੁੱਕੇ ਮੁਖ ਮੰਤਰੀ ਅਤੇ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਸੁਰਜੀਤ ਸਿੰਘ ਬ਼ਰਨਾਲਾ ਨੇ ਅਕਾਲ ਤਖਤ ਦੇ ਜਥੇਦਾਰ ਰਾਗੀ ਦਰਸ਼ਨ ਸਿੰਘ ਅਤੇ ਹੋਰ ਜਥੇਦਾਰਾਂ ਅੱਗੇ ਮੁਆਫੀ ਮੰਗ ਕੇ ਤੇ ਆਪਾ ਸਮਰਪਣ ਕਰਕੇ ਕੱਟੜਪੰਥੀਆਂ ਅਤੇ ਮੂਲਵਾਦ ਨੂੰ ਬੜਾਉਤੀ ਦਿੱਤੀ ਹੈ। ਨਾਲ ਹੀ ਧਰਮ ਅਤੇ ਰਾਜਨੀਤੀ ਨੂੰ ਰਲ ਗੱਡ ਕੀਤਾ ਹੈ। ਮੁਖ ਮੰਤਰੀ ਹੋਣ ਸਮੇਂ, ਉਸ ਦਾ ਸਟੈਂਡ ਭਾਰਤੀ ਹਿੱਤਾਂ ਅਨੁਸਾਰ ਸੀ ਕਿਉਂਕਿ ਉਸ ਸਮੇਂ ਆਖਦਾ ਸੀ ਕਿ ਉਹ ਧਾਰਮਿਕ ਜ਼ਰੂਰ ਹੈ ਪਰ ਮੁਖ ਮੰਤਰੀ ਦੇ ਤੌਰ ਤੇ ਉਹ ਅਕਾਲ ਤਖਤ ਦੇ ਅਧੀਨ ਨਹੀਂ। ਹੁਣ ਆਪ ਸਮਰਪਣ ਤੋਂ ਇਉਂ ਜਾਪਦਾ ਹੈ ਕਿ ਉਸ ਸਮੇਂ ਉਸ ਦਾ ਦਰੁਸਤ ਸਟੈਂਡ ਸਿਰਫ ਮੁਖ ਮੰਤਰੀ ਦੇ ਅਹੁਦੇ ਤੇ ਸਰਕਾਰ ਬਣਾਉਣ ਲਈ ਮੌਕਾ ਪ੍ਰਸਤੀ ਵਿਚੋਂ ਉਪਜਿਆ ਸੀ ਨਾ ਕਿ ਦੇਸ਼ ਹਿਤੂ ਤੇ ਭਰਾਤਰੀ ਸਦ ਭਾਵਨਾ ਵਿਚ ਦ੍ਰਿੜ ਵਿਸ਼ਵਾਸ ਕਾਰਨ।

ਜਨਵਰੀ 1986 ਵਿਚ ਅਕਾਲੀਆਂ ਨੇ ਆਨੰਦਪੁਰ ਵਿਖੇ ਸਰਬਤ ਖਾਲਸਾ ਬੁਲਾਇਆ ਜਿਥੇ ਗੁਰਚਰਨ ਸਿੰਘ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਆਦਿ ਨੇ ਅਕਾਲ ਤਖਤ ਨੂੰ ਅਤਿਵਾਦੀਆਂ ਤੇ ਵਖਵਾਦੀਆਂ ਤੋਂ ਆਜ਼ਾਦ ਕਰਾਉਣ ਤੇ ਆਪ ਇਸ ਕੰਮ ਲਈ ਜੱਥੇ ਲਿਜਾਣ ਲਈ ਵਾਅਦੇ ਕੀਤੇ। ਪਰ ਉਹਨਾਂ ਕੁਝ ਨਾ ਕੀਤਾ। ਸਗੋਂ ਉਨ੍ਹਾਂ ਨੂੰ ਡਿਸਿਪਲਿਨ ਕਰਨਾ ਚਾਹੀਦਾ ਸੀ। ਜਦੋਂ ਕੋਈ ਚਾਰਾ ਨਾ ਰਿਹਾ ਤੇ ਮੁਖ ਮੰਤਰੀ ਬਰਨਾਲਾ ਨੇ ਆਪਣੀ ਸਰਕਾਰੀ ਤਾਕਤ ਵਰਤ ਕੇ ਅਤਿਵਾਦੀ ਵਖਵਾਦੀ ਅਨਸਰਾਂ ਤੋਂ ਅਕਾਲ ਤਖਤ ਨੂੰ ਮੁਕਤ ਕਰਾਇਆ। ਮੂਲਵਾਦੀ ਤੇ ਅਤਿਵਾਦੀ ਅਨਸਰਾਂ ਨੇ ਆਪ ਰਾਗੀ ਦਰਸ਼ਨ ਸਿੰਘ ਨੂੰ ਅੱਗੇ ਲਿਆਂਦਾ। ਪਰ ਦੇਸ਼ ਦੇ ਗੱਦਾਰਾਂ ਤੇ ਸਿਖ ਧਰਮ ਦੀਆਂ ਧੱਜੀਆਂ ਉਡਾਉਣ ਵਾਲੇ ਕੱਟੜਪੰਥੀ ਅਤਿਵਾਦੀ ਅਨਸਰਾਂ ਵਿਰੁਧ ਫਤਵਾ ਦੇਣ ਤੇ ਉਨ੍ਹਾਂ ਨਾਲ ਟੱਕਰ ਦੀ ਥਾਂ ਅਕਾਲ ਤਖਤ ਛੱਡ ਕੇ ਪਿੰਡ ਜਾ ਵੜਿਆ। ਕੀ ਇਹ ਧਰਮ ਨਾਲ ਗਦਾਰੀ ਨਹੀਂ ? ਅਤਿਵਾਦੀ ਵਖਵਾਦੀ ਖਾਲਿਸਤਾਨੀਆਂ ਨੇ ਹਜ਼ਾਰਾਂ ਹੀ ਨਿਰਦੋਸ਼ੇ ਬੱਚਿਆਂ, ਬੁਢਿਆਂ, ਔਰਤਾਂ ਤੇ ਆਮ ਲੋਕਾਂ ਦੇ ਬੇ-ਤਹਾਸ਼ਾ ਕਤਲ ਕੀਤੇ ਹਨ, ਪਰ ਇਹਨਾਂ ਦੇਸ਼ ਦੇ ਗਦਾਰਾਂ, ਮਨੁੱਖਤਾ ਦੇ ਦੁਸ਼ਮਣਾਂ ਅਤੇ ਸਿੱਖ ਧਰਮ ਤੇ ਉਸ ਦੀਆਂ ਰਿਵਾਇਤਾਂ ਨੂੰ ਘਿਨਾਉਣੀਆਂ ਹਰਕਤਾਂ ਰਾਹੀਂ ਬਦਨਾਮ ਕਰਨ ਵਾਲਿਆਂ ਵਿਰੁਧ ਕੋਈ ਫਤਵਾ ਜਾਂ ਹੁਕਮ ਨਾਮਾ ਨਹੀਂ। ਉਹਨਾਂ ਨੂੰ ਸਿੱਖੀ ਵਿਚੋਂ ਖਾਰਜ ਕਿਉਂ ਨਹੀਂ ? ਕੀ ਉਹਨਾਂ ਨਾਲ ਮਿਲਭੁਗਤ ਹੈ ? ਪੰਜਾਬ ਦੇ ਸਿੱਖਾਂ ਦੀ ਬਹੁਤ ਹੀ ਭਾਰੀ ਬਹੁ-ਗਿਣਤੀ ਅਤਿਵਾਦੀ ਵਖਵਾਦੀ ਅਨਸਰਾਂ ਦੇ ਵਿਰੁੱਧ ਹੈ।

ਰਾਗੀ ਦਰਸ਼ਨ ਸਿੰਘ ਆਦਿ ਨੇ ਸਾਂਝਾ ਅਕਾਲੀ ਦਲ ਬਣਾਉਣ ਲਈ ਆਖਿਆ ਪਰ ਬਾਬਾ ਜੁਗਿੰਦਰ ਸਿੰਘ ਤਾਂ ਆਪਣੀ ਜੁਦੀ ਡਫਲੀ ਵਜਾਉਂਦਾ ਹੈ। ਉਸ ਬਾਰੇ ਕੋਈ ਹੁਕਮ ਨਾਮਾ ਨਹੀਂ। ਧਰਮ ਦਾ ਰਾਜਨੀਤੀ ਨਾਲ ਕੋਈ ਸੰਬੰਧ ਨਹੀਂ ਚਾਹੀਦੀ। ਨਹੀਂ ਤਾਂ ਇਸ ਰਲਗੱਡ ਨਾਲ ਗੜਬੜ ਪੈਦਾ ਹੁੰਦੀ ਤੇ ਗਲਤ ਨਤੀਜੇ ਨਿਕਲਦੇ ਹਨ। ਜੇ ਅਕਾਲ ਤਖਤ ਨੇ ਸਿਆਸਤ ਵਿਚ ਦਖਲ ਦੇਣਾ ਹੈ ਤਾਂ ਫਿਰ ਦੂਜੀਆਂ ਪਾਰਟੀਆਂ ਜਾਂ ਜਦੋਂ ਸਰਕਾਰ ਦਖਲ ਦਿੰਦੀ ਹੈ ਤਾਂ ਫਿਰ ਚੀਕ ਚਿਹਾੜਾ। ਅਸੀਂ ਤਾਂ ਇਹ ਆਖਦੇ ਰਹੇ ਹਾਂ ਤੇ ਆਖਦੇ ਹਾਂ ਕਿ ਕਾਂਗਰਸ ਸਰਕਾਰ ਧਰਮ ਵਿਚ ਦਖਲ ਅੰਦਾਜ਼ੀ ਬੰਦ ਕਰੇ। ਅਕਾਲੀ ਆਪ ਭੀ ਇਹੋ ਆਖਦੇ ਹਨ। ਪਰ ਫਿਰ ਅਕਾਲ ਤਖਤ ਆਦਿ ਸਿਆਸਤ ਵਿਚ ਕਿਉਂ ਦਖਲ ਦਿੰਦਾ ਹੈ ਜਾਂ ਸ੍ਰੀ ਬਰਨਾਲਾ ਕਿਉਂ ਆਪਣੀਆਂ ਸਰਕਾਰੀ ਕਾਰਵਾਈਆਂ ਕਰਕੇ ਮੁਆਫੀ ਮੰਗਦਾ ਹੈ। ਇਹ ਬਹੁਤ ਗਲਤ ਹੈ। ਇਸ ਨਾਲ ਕਟੜਪੰਥੀਆਂ, ਫਿਰਕੂਆਂ, ਅਤਿਵਾਦੀ ਤੇ ਵਖਵਾਦੀ ਅਨਸਰਾਂ ਨੂੰ ਉਤਸ਼ਾਹ ਮਿਲਦਾ ਹੈ। ਸ੍ਰੀ ਬਰਨਾਲੇ ਦਾ ਇਹ ਕਦਮ ਨਿਹਾਇਤ ਹੀ ਨਿੰਦਣਯੋਗ ਹੈ। ਇਸ ਨਾਲ ਲੋਕਾਂ ਦੀ ਏਕਤਾ ਤੇ ਸੰਗਠਨ ਤੇ ਸੱਟ ਵੱਜਦੀ ਹੈ। ਜਿਸ ਨਾਲ ਅਤਿਵਾਦ ਤੇ ਵਖਵਾਦ ਦੀ ਚੜ ਮਚਦੀ ਹੈ (ਭਾਵੇਂ ਕਿ ਇਸ ਸਮੇਂ ਸਗੋਂ ਪੰਜਾਬ ਦੇ ਸਿੱਖਾਂ ਦੀ ਭਾਰੀ ਬਹੁ-ਗਿਣਤੀ ਵਿਰੁਧ ਹੈ।

ਅਸੀਂ ਤਾਂ ਇਹ ਹੀ ਆਖਾਂਗੇ ਕਿ ਸ੍ਰੀ ਬਰਨਾਲੇ ਦਾ ਇਹ ਕਦਮ ਬਿਲਕੁਲ ਗਲਤ ਤੇ ਦੇਸ਼ ਦੀ ਮੁਖਧਾਰਾ ਤੋਂ ਮੂੰਹ ਤੋੜਨ ਵਾਲੀ ਗੱਲ ਹੈ। ਨਾਲ ਹੀ ਅਸੀਂ ਦੇਸ਼ ਹਿਤੈਸ਼ੀ ਅਤੇ ਅਕਾਲੀ ਪਾਰਟੀ ਦੀਆਂ ਅਗਾਂਹ ਵਧੂ ਰਿਵਾਇਤਾਂ ਦੇ ਵਾਰਸ ਅਕਾਲੀਆਂ ਨੂੰ ਅਪੀਲ ਕਰਾਂਗੇ ਕਿ ਉਹ ਫਿਰਕੂਆਂ, ਮੂਲਵਾਦੀ ਤੇ ਵਖਵਾਦੀ ਤੋਂ ਨਿਖੇੜਾ ਕਰਕੇ ਡਟਣ, ਧਰਮ ਤੇ ਸਿਆਸਤ ਨੂੰ ਜੁਦਾ ਕਰਨ ਅਤੇ ਦੇਸ਼ ਵਿਆਪੀ ਮੁਖਧਾਰਾ ਵਾਲੀਆਂ ਲੋਕ ਹਿਤੈਸ਼ੀਆਂ ਪਾਰਟੀਆਂ ਤੇ ਲਹਿਰ ਦਾ ਸਾਥ ਦੇਣ। ਇਸ ਕਰਨ ਨਾਲ ਦੇਸ਼ ਹਿਤੈਸ਼ੀ ਤੇ ਭਰਾਤਰੀ ਸਦਭਾਵਨਾ ਮਜ਼ਬੂਤ ਹੋਵੇਗੀ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਗੱਲ ਮਜ਼ਬੂਤ ਹੋਵੇਗੀ। ਅਤੇ ਫਿਰਕਾਪ੍ਰਸਤੀ ਤੇ ਲੋਕ ਵਿਰੋਧੀ ਨੀਤੀਆਂ ਤੇ ਚਲਣ ਵਾਲੀ ਕਾਂਗਰਸ ਸਰਕਾਰ ਨੂੰ ਗੱਦੀ ਤੋਂ ਲਾਹੁਣ ਵਾਲੀ ਅਗਾਂਹ ਵਧੂ ਲਹਿਰ ਨੂੰ ਤਕੜਾਈ ਮਿਲੇਗੀ।

●


**ASHOKA TRADING CO. LTD.**

*6621 MAIN STREET, VANCOUVER. B.C.*

**324-7521**

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ।

**ਕੇਵਲ ਹੋਲ ਸੇਲ ਤੇ ਖ੍ਰੀਦਣ ਲਈ ਫੂਨ ਕਰੋ**

INDIAN SILK SAREES & SUITS
JAPANEEESE SUITS & SAREES
COSTUME JEWELLERY

**WAREHOUSE ADDRESS:**
# 102 - 8185 MAIN ST., VANCOUVER B.C.
TEL: (604) 321 - 4506

*WORLD WIDE IMPORTS IN FABRICS, SAREES & JEWELLERY WHOLESALE & RETAIL*

WELL DISPLAYED & MOST DECORATED STORE IN TOWN



# ਫਰੀ ਟਰੇਡ ਅਤੇ ਫੈਡਰਲ ਚੋਣਾਂ

ਕੈਨੇਡਾ ਦੀਆਂ ਨਵੰਬਰ ਵਿਚ ਪਾਰਲੀਮਾਨੀ ਚੋਣਾਂ ਵਿਚ ਤਿੰਨ ਮੁਖ ਪਾਰਲੀਮਾਨੀ ਪਾਰਟੀਆਂ ਅਤੇ ਚੌਥੀ ਕੈਨੇਡਾ ਦੀ ਕਮਿਊਨਿਸਟ ਪਾਰਟੀ ਨੇ ਫਰੀ ਟਰੇਡ ਨੂੰ ਮੁਖ ਸਵਾਲ ਬਣਾਇਆ। 21 ਨਵੰਬਰ 1988 ਦੇ ਚੋਣ ਦਿਨ ਤੋਂ ਪਹਿਲਾਂ ਅਮਰੀਕਾ ਨਾਲ ਫਰੀ ਟਰੇਡ ਬਾਰੇ ਦੇਸ਼ ਪੱਧਰ ਤੇ ਹੱਕ ਤੇ ਵਿਰੋਧ ਵਿਚ ਪ੍ਰਚਾਰ ਹੋਇਆ। ਸਾਰੇ ਪ੍ਰਸਾਰ ਸਾਧਨਾਂ ਨੇ ਅਜੋਕੇ ਸਿਆਸੀ ਢਾਂਚੇ ਨੂੰ ਕਾਇਮ ਰੱਖਣ ਤੇ ਇਸ ਵਲੋਂ ਮਿਥੇ ਹੋਏ ਨਿਯਮਾਂ ਅਨੁਸਾਰ ਤੇ ਇਸ ਘੇਰੇ ਵਿਚ ਰਹਿਣ ਵਾਲੀਆਂ ਪਾਰਟੀਆਂ ਨੂੰ ਕਾਫੀ ਸਮਾਂ ਦਿੱਤਾ। ਟੋਰੀ, ਲਿਬਰਲ ਤੇ ਐਨ ਡੀ ਪੀ ਨੇ ਫਰੀ ਟਰੇਡ ਤੇ ਆਪਣੇ ਵਿਚਾਰ ਦਿਤੇ। ਟੋਰੀ ਪਾਰਟੀ ਨੇ ਫਰੀ ਟਰੇਡ ਦੇ ਪੱਖ ਵਿਚ ਪ੍ਰਚਾਰ ਕੀਤਾ ਅਤੇ ਲਿਬਰਲ ਤੇ ਐਨ ਡੀ ਪੀ ਨੇ ਫਰੀ ਟਰੇਡ ਦੇ ਵਿਰੋਧ ਵਿਚ। ਪਰ ਲਿਬਰਲ ਪਾਰਟੀ ਭੀ ਮਜ਼ਦੂਰ ਮਾਰੂ ਤੇ ਕੈਨੇਡਾ ਦੀ ਪ੍ਰਭੂ-ਸੱਤਾ ਜਾਂ ਆਜ਼ਾਦ ਹੋਂਦ ਨੂੰ ਖਤਰੇ ਵਾਲੇ (ਕੀਤੇ ਗਏ) ਫਰੀ ਟਰੇਡ ਸਮਝੌਤਾ ਨੂੰ ਖਤਮ ਨਹੀਂ ਕਰਨਾ ਚਾਹੁੰਦੀ। ਬਲਕਿ ਸਿਰਫ ਮਾੜੀ ਮੋਟੀ ਬਦਲੀ ਨਾਲ ਨਵਾਂ ਸਮਝੌਤਾ ਚਾਹੁੰਦੀ ਹੈ। ਇਸ ਹੀ ਤਰ੍ਹਾਂ ਐਨ ਡੀ ਪੀ ਇਸ ਸਮਝੌਤੇ ਦੇ ਵਿਰੁਧ ਹੈ ਪਰ ਉਹ ਭੀ ਇਸ ਦਾ ਪੂਰਾ ਭੋਗ ਨਹੀਂ ਪਾਉਣਾ ਚਾਹੁੰਦੀ।

ਫਰੀ ਟਰੇਡ ————

ਇਹ ਵਿਰੋਧੀ ਪਾਰਟੀਆਂ ਨੇ ਵਿਰੋਧ ਕੀਤਾ ਪਰ ਲੋਕਾਂ ਨੂੰ ਉਸ ਗੱਲ ਤਕ ਉਭਾਰ ਨਹੀਂ ਸਕੀਆਂ ਅਤੇ ਨਾ ਹੀ ਲੋਕਾਂ ਨੂੰ ਕੀਤੇ ਗਏ ਫਰੀ ਟਰੇਡ ਦੀਆਂ ਬਾਰੀਕੀਆਂ ਅਤੇ ਸਮਾਜਿਕ ਸੇਵਾਵਾਂ, ਬੇ-ਰੁਜ਼ਗਾਰੀ ਭੱਤਾ, ਡਾਕਟਰੀ ਸੇਵਾਵਾਂ ਅਤੇ ਦਿੱਤੀਆਂ ਜਾਂਦੀਆਂ ਗਰਾਂਟਾਂ ਆਦਿ ਨੂੰ ਮਾਰੂ ਖਤਰੇ ਬਾਰੇ ਸਮਝਾ ਨਹੀਂ ਸਕੀਆਂ। ਅਤੇ ਨਾ ਹੀ ਨੰਗਾ ਕਰ ਸਕੀਆਂ। ਪ੍ਰਸਾਰ ਸਾਧਨਾਂ ਨੇ ਭੀ ਇਸ ਸਮਝੌਤੇ ਦੇ ਓਪਰੇ ਪੱਖ ਹੀ ਸਾਹਮਣੇ ਲਿਆਂਦੇ ਅਤੇ ਕੈਨੇਡਾ ਲਈ ਖਤਰਨਾਕ ਧਾਰਾਵਾਂ ਨੂੰ ਨਹੀਂ ਦਰਸਾਇਆ। ਬਹੁਤ ਸਮਾਂ ਭੀ ਫਰੀ ਟਰੇਡ ਦੇ ਹੱਕ ਵਾਲਿਆਂ ਨੂੰ ਦਿੱਤਾ ਗਿਆ। ਖੱਬੇ ਪੱਖੀ ਲੋਕਾਂ ਤੇ ਸੀ ਪੀ ਸੀ ਆਦਿ ਦਾ ਪੱਖ ਤਾਂ ਪ੍ਰਸਾਰ ਸਾਧਨ ਨੇ ਦੱਸਿਆ ਹੀ ਨਹੀਂ। ਪ੍ਰਚਾਰ ਸਾਧਨਾਂ ਉਪਰ ਕਬਜ਼ਾ ਤਾਂ ਧਨੀਆਂ ਦਾ ਹੈ ਅਤੇ ਧਨੀ ਤਾਂ ਫਰੀ ਸਮਝੌਤੇ ਦੇ ਹੱਕ ਵਿਚ ਹੀ ਹਨ।

ਸਗੋਂ ਇਸ ਚੋਣ ਦੇ ਦੌਰਾਨ ਫਰੀ ਟਰੇਡ ਦੀ ਓਪਰੀ ਗੋਸ਼ਟੀ ਤੋਂ ਬਿਨਾਂ ਬਾਕੀ ਦੇ ਬੁਨਿਆਦੀ ਸਵਾਲ ਜਿਵੇਂ ਸਮਾਜਿਕ ਸੇਵਾਵਾਂ, ਬੱਚਿਆਂ ਲਈ ਡੇਅ ਕੇਅਰ, ਵਿਦਿਆ, ਡਾਕਟਰੀ ਸੇਵਾਵਾਂ, ਰੁਜ਼ਗਾਰ, ਕੀਮਤਾਂ, ਇਨਫਲੇਸ਼ਨ, ਅਤੇ ਫਜ਼ੂਲ ਡੀਫੈਂਸ ਖਰਚੇ ਅਤੇ ਅਮਰੀਕਾ ਨਾਲ ਸਟਾਰ ਵਾਰਜ਼ ਨਾਲ ਸਾਂਝ ਆਦਿ ਨੂੰ ਨਜ਼ਰ ਅੰਦਾਜ਼ ਕੀਤਾ ਤੇ ਲੋਕਾਂ ਤੋਂ ਪਰੇ ਰੱਖਿਆ। ਇਸ ਚੋਣ ਵਿਚ ਲੋਕਾਂ ਦੇ ਅਸਲੀ ਮਸਲਿਆਂ ਨੂੰ ਚੋਣਾਂ ਦਾ ਵਿਸ਼ਾ ਨਾ ਬਣਾਉਣਾ ਬਿਲਕੁਲ ਗਲਤ, ਲੋਕ ਹਿਤਾਂ ਦੇ ਵਿਰੁਧ ਅਤੇ ਸੋਚੀ ਸਮਝੀ ਯੁੱਧ ਨੀਤੀ ਅਨੁਸਾਰ ਕੀਤਾ ਗਿਆ।

ਭਾਵੇਂ ਕਿ ਟੋਰੀ ਪਾਰਟੀ ਚੋਣਾਂ ਜਿੱਤ ਗਈ ਹੈ ਪਰ ਲੋਕਾਂ ਦੀ ਬਹੁਤ ਗਿਣਤੀ 58 ਫੀਸਦੀ ਨੇ ਜੇਤੂ ਟੋਰੀ ਪਾਰਟੀ ਦੇ ਵਿਰੁਧ ਵੋਟ ਪਾਏ ਜਦ ਕਿ ਟੋਰੀ ਪਾਰਟੀ ਨੂੰ ਸਿਰਫ 42 ਫੀਸਦੀ ਵੋਟਾਂ ਪਈਆਂ। ਸੋ ਇਸ ਲਈ ਲੋਕਾਂ ਨੇ ਫਰੀ ਟਰੇਡ ਦੇ ਵਿਰੁਧ ਫਤਵਾ ਦਿੱਤਾ। ਚੋਣ ਤੋਂ ਇਕ ਦਮ ਪਿਤੋਂ ਲਿਬਰਲ ਲੀਡਰ ਟਰਨਰ ਅਤੇ ਐਨ ਡੀ ਪੀ ਨੇ ਨੇਤਾ ਬਰੌਡਬੈਂਟ ਵਲੋਂ ਆਖਣਾ ਕਿ ਉਹ ਫਰੀ ਟਰੇਡ ਦਾ ਬਿੱਲ ਪਹਿਲੀ ਜਨਵਰੀ 1989 ਤੋਂ ਪਹਿਲਾਂ ਪਾਸ ਕਰਨ ਵਿਚ ਮਦਦ ਕਰਨਗੇ। ਪਰ ਜਦੋਂ ਲੋਕਾਂ ਨੇ ਰੌਲਾ ਪਾਇਆ ਕਿ ਟੋਰੀਆਂ ਦੇ ਜਿੱਤਣ ਨਾਲ ਤਾਂ ਫਰੀ ਟਰੇਡ ਚੰਗਾ ਨਹੀਂ ਹੋ ਗਿਆ। ਇਸ ਦੀ ਵਿਰੋਧਤਾ ਕਰੋ। ਤਾਂ ਇਹਨਾਂ ਪਾਰਟੀਆਂ ਨੇ ਵਿਰੋਧ ਕੀਤਾ।

ਸਾਰੇ ਮਜ਼ਦੂਰ ਅਤੇ ਅਗਾਂਹਵਧੂ ਲੋਕ ਫਰੀ ਟਰੇਡ ਦਾ ਵਿਰੋਧ ਕਰਦੇ ਹਨ ਅਤੇ ਅੱਗੇ ਨੂੰ ਦੇਸ਼ ਵਿਆਪੀ ਵਿਰੋਧੀ ਲਹਿਰ ਉਸਾਰਨੀ ਚਾਹੀਦੀ ਹੈ। ਇਸ ਦਾ ਵਿਰੋਧ ਕਰ ਰਹੀਆਂ ਜਥੇਬੰਦੀਆਂ ਦਾ ਸਾਨੂੰ ਪੂਰਾ ਸਾਥ ਦੇਣਾ ਚਾਹੀਦਾ ਹੈ।

## ਸਹਾਇਤਾ

| | |
|---|---|
| • ਸਾਥੀ ਚਰਨ ਸਿੰਘ ਸੱਲ | 115 ਡਾਲਰ |
| • ਸ੍ਰੀ ਬਲਵੀਰ ਸਿੰਘ ਜਵੰਦਾ | 200 ਡਾਲਰ |
| • ਸਾਥੀ ਗੁਰਦੇਵ ਸਿੰਘ ਗਰੇਵਾਲ | 100 ਡਾਲਰ |
| • ਸਾਥੀ ਹਰਮਿੰਦਰ ਕੌਰ ਸੰਘੇੜਾ | 100 ਡਾਲਰ |
| • ਸ੍ਰੀ ਬਲਦੇਵ ਸਿੰਘ ਮਾਨ | 50 ਡਾਲਰ |
| • ਮਾਸਟਰ ਅਵਤਾਰ ਸਿੰਘ | 20 ਡਾਲਰ |
| • ਕਿਰਪਾਲ ਗਿੱਲ | 100 ਡਾਲਰ |
| • ਸੁਰਿੰਦਰ ਬੈਂਸ | 100 ਡਾਲਰ |
| • ਕਰਨੈਲ ਸਿੰਘ | 20 ਡਾਲਰ |

ਲੋਕਤਾ ਬੋਰਡ ਵਲੋਂ ਦਿਲੀ ਧੰਨਵਾਦ

• ਸ੍ਰੀ ਦਾਨ ਸਿੰਘ ਵਲੋਂ ਆਪਣੇ ਘਰ ਪੋਤਰੇ ਦੇ ਜਨਮ ਦੀ ਖੁਸ਼ੀ ਵਿਚ 100 ਡਾਲਰ

ਲੋਕਤਾ ਬੋਰਡ ਵਲੋਂ ਦਿਲੀ ਧੰਨਵਾਦ


ਲੇਕ ਵੀਊ ਰੀਅਲਿਟੀ ਦੇ ਭਰੋਸੇਯੋਗ ਰੀਅਲ ਇਸਟੇਟ

ਕੇ. ਐਸ. (ਕਾਲ) ਬਾਸੀ

L/R

LAKEVIEW REALTY LTD.
7909 Scott Road,
Delta, B.C. V4C 6P6

ਤੁਹਾਡੀ ਹਰ ਪ੍ਰਕਾਰ ਦੀ ਜਾਇਦਾਦ, ਘਰ ਆਦਿ ਖਰੀਦਣ ਵੇਚਣ ਵਿਚ ਸਹਾਇਤਾ ਕਰ ਸਕਦੇ ਹਨ

Bus:
ਫ਼ੋਨ : 590-3231



K.S. (KAL) BASSI

# ਪਾਕਿਸਤਾਨ ਦੀਆਂ ਚੋਣਾਂ ਵਿਚ ਬੇਨਜ਼ੀਰ ਭੁੱਟੋ ਦੀ ਜਿੱਤ

ਪਾਕਿਸਤਾਨ ਦੀਆਂ ਨਵੰਬਰ 1988 ਵਿਚ ਚੋਣਾਂ ਵਿਚ ਬੇਨਜ਼ੀਰ ਭੁੱਟੋ ਦੀ ਪੀਪਲਜ਼ ਪਾਰਟੀ 237 ਸੀਟਾਂ ਵਿਚੋਂ, ਬਾਕੀ ਪਾਰਟੀਆਂ ਤੋਂ ਵੱਧ ਕੁਲ 92 ਸੀਟਾਂ ਲੈ ਗਈ। ਫਿਰਕਾਪ੍ਰਸਤੀ ਤੇ ਮੂਲਵਾਦੀ ਮੁਸਲਮਾਨਾਂ ਨੇ ਰੌਲਾ ਤਾਂ ਬੜਾ ਪਾਇਆ ਪਰ ਬੇ-ਨਜ਼ੀਰ ਭੁੱਟੋ ਨੇ ਆਪਣੀ ਬਹੁ-ਮਤ ਵਿਖਾ ਕੇ ਪਹਿਲੀ ਦਸੰਬਰ 1988 ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਕੇ ਆਪਣੀ ਜਮਹੂਰੀ ਸਰਕਾਰ ਬਣਾ ਲਈ। ਇਹ ਬੜੀ ਅਹਿਮ ਗੱਲ ਹੈ ਕਿ ਗਿਆਰਾਂ ਸਾਲਾਂ ਦੀ ਫੌਜੀ ਡਿਕਟੇਟਰਸ਼ਿਪ ਪਿਛੋਂ ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਬਣੀ। ਦੂਜੇ ਇਸਲਾਮੀ ਦੁਨੀਆਂ ਵਿਚ ਇਹ ਪਹਿਲਾ ਸਮਾਂ ਹੈ ਕਿ ਕਿਸੇ ਇਸਲਾਮੀ ਦੇਸ਼ ਦੀ ਪ੍ਰਧਾਨ ਮੰਤਰੀ ਔਰਤ ਬਣੇ। ਮੂਲਵਾਦੀ ਤੇ ਫਿਰਕੂ ਮੁਸਲਮਾਨ ਇਸ ਗੱਲ ਨੂੰ ਆਸਾਨੀ ਨਾਲ ਸਹਿਣ ਨਹੀਂ ਕਰਨਗੇ। ਪਰ ਇਸ ਜਿੱਤ ਨਾਲ ਅਗਾਂਹ ਵਧੂ ਤੇ ਜਮਹੂਰੀ ਪਸੰਦ ਲੋਕਾਂ ਤੇ ਲਹਿਰ ਨੂੰ ਹੌਸਲਾ ਮਿਲਿਆ ਹੈ ਤੇ ਮਜ਼ਬੂਤੀ ਹੋਈ ਹੈ। ਇਸ ਜਿੱਤ ਨਾਲ ਭਾਰਤੀ ਖਿੱਤੇ ਵਿਚ ਅਮਨ ਦੀ ਸੰਭਾਵਨਾ ਵਧ ਸਕਦੀ ਹੈ। ਇਸ ਜਿੱਤ ਨਾਲ ਭਾਰਤ ਨੂੰ ਅਸਥਿਰ ਕਰਨ ਵਾਲੇ ਅਤਿਵਾਦੀ ਵਖਵਾਦੀ ਸਿੱਖਾਂ ਦੀਆਂ (ਪਾਕਿਸਤਾਨ ਰਾਹੀਂ) ਘਿਨਾਉਣੀ ਦੇਸ਼ ਤੇ ਲੋਕ ਵਿਰੋਧੀ ਹਰਕਤਾਂ ਨੂੰ ਰੋਕਣ ਦੀਆਂ ਸੰਭਾਵਨਾਵਾਂ ਵਧੀਆਂ ਹਨ ਜੋ ਚੰਗੀ ਗੱਲ ਹੈ।

ਡਿਕਟੇਟਰ ਜ਼ੀਆ ਉਲ ਹੱਕ ਤਾਂ ਸਿੱਧੇ ਤੌਰ ਤੇ ਹੀ ਅਮਰੀਕਾ ਦਾ ਮੋਹਰਾ ਸੀ ਸੌਦੀ ਅਰਬ ਅਤੇ ਫੌਜ ਦੇ ਸਹਾਰੇ ਸੀ। ਇਸ ਦੇ ਤੇ ਇਸ ਤੋਂ ਪਹਿਲਾਂ ਦੇ ਸਮਿਆਂ ਵਿਚ ਫੌਜ ਨੇ ਸਮਾਜੀ, ਸਿਆਸੀ ਤੇ ਆਰਥਕ ਢਾਂਚੇ ਤਕ ਆਪਣਾ ਪਸਾਰ ਤੇ ਦਬ ਦਬਾ ਪਾ ਰੱਖਿਆ ਜੋ ਜਮਹੂਰੀਅਤ ਲਈ ਘਾਤਕ ਹੈ ਅਤੇ ਇਸ ਅਸਰ ਨੂੰ ਖਤਮ ਕਰਨਾ ਤੇ ਫੌਜਾਂ ਨੂੰ ਬੈਰਕਾਂ ਵਿਚ ਹੀ ਸੀਮਤ ਕਰਨਾ ਕਾਫੀ ਲੰਮਾ ਤੇ ਕਠਨ ਕੰਮ ਹੈ ਜੋ ਛੇਤੀ ਨਹੀਂ ਹੋ ਸਕਦਾ। ਪਾਕਿਸਤਾਨੀ ਫੌਜ ਦੇ ਅਮਰੀਕੀ ਪੈਂਟਾਗਾਨ ਨਾਲ ਗੂੜੇ ਸੰਬੰਧ ਹਨ ਅਤੇ ਅਮਰੀਕਾ ਦੀਆਂ ਲੋਕ ਵਿਰੋਧੀ ਫੌਜੀ ਕਾਰਵਾਈਆਂ ਲਈ ਆਧਾਰ ਤੇ ਆਸਰਾ ਹਨ। ਕਾਫੀ ਸਾਰੇ ਪਾਕਿਸਤਾਨੀ ਫੌਜੀ ਮਿਡਲ ਈਸਟ ਦੇ ਬਾਦਸ਼ਾਹਾਂ ਤੇ ਸ਼ੇਖਾਂ ਦੀ ਰਾਖੀ ਲਈ ਵਰਤੇ ਜਾਂਦੇ ਹਨ। ਜਿਸ ਨਾਲ ਅਮਰੀਕਾ ਲਈ ਲਾਭਕਾਰੀ ਹਨ। ਪਾਕਿਸਤਾਨ ਦੇ ਉਪਰਲੇ ਫੌਜੀਆਂ ਦੇ ਸਿਰ ਵਿਚ ਤਾਕਤ ਦਾ ਨਸ਼ਾ ਵਸ ਗਿਆ ਹੈ ਅਤੇ ਹਕੂਮਤ ਕਰਨ ਦੀ ਹਵਸ ਦੇ ਸ਼ਿਕਾਰ ਹਨ ਜਾਗੀਰਦਾਰ ਉਹਨਾਂ ਨੂੰ ਆਧਾਰ ਦਿੰਦੇ ਹਨ।

ਬੇ-ਨਜ਼ੀਰ ਭੁੱਟੋ ਜਾਗੀਰਦਾਰ ਜਮਾਤ ਵਿਚੋਂ ਹੈ ਪਰ ਉਸ ਦੀ ਪਾਰਟੀ ਦਾ ਪਾਕਿਸਤਾਨ ਤੇ ਉਥੇ ਦੇ ਲੋਕਾਂ ਵਿਚ ਆਧਾਰ ਹੈ। ਬੇ-ਨਜ਼ੀਰ ਭੁੱਟੋ ਨੇ ਕਈ ਚੰਗੇ ਵਾਅਦੇ ਕੀਤੇ ਤੇ ਕੁਝ ਲੋਕ ਹਿਤੂ ਸੁਧਾਰ ਕਰਨ ਦੇ ਵਚਨ ਕੀਤੇ ਜਿਵੇਂ ਔਰਤਾਂ ਬਾਰੇ, ਸਿਆਸੀ ਕੈਦੀ ਛੱਡਣ, ਟਰੇਡ ਯੂਨੀਅਨਾਂ ਉਪਰੋਂ ਕੁਝ ਬੰਦਸ਼ਾਂ ਹਟਾਉਣ, ਲੋਕ ਹਿਤੂ ਬੱਜਟ ਤੇ ਘਰ ਦੇਣ ਆਦਿ। ਪਰ ਇਹਨਾਂ ਵਿਚੋਂ ਸ਼ਾਇਦ ਕੁਝ ਪੂਰੇ ਨਾ ਕਰ ਸਕੇ। ਕਿਉਂਕਿ ਆਰਥਿਕ ਗੁੰਝਲਾਂ ਤੋਂ ਲੈ ਕੇ ਫੌਜੀਆਂ ਦੇ ਮੁੜ ਆਉਣ ਤੋਂ ਬਚਣ ਦੇ ਕਈ ਮਸਲੇ ਹਨ। ਵੈਸੇ ਇਸ ਦਾ ਹੱਲ ਫੌਜੀਆਂ ਜਾਂ ਸਰਮਾਏਦਾਰ ਜਾਗੀਰਦਾਰ ਜਮਾਤ ਦੇ ਰਹਿਮ ਤੇ ਛੱਡ ਕੇ ਨਹੀਂ ਬਲਕਿ ਇਹਨਾਂ ਨੂੰ ਪਿਛਾੜਨ ਲਈ ਜਮਹੂਰੀਅਤ ਪਸੰਦ ਅਤੇ ਅਗਾਂਹਵਧੂ ਲੋਕਾਂ ਨੂੰ ਸਰਗਰਮੀ ਨਾਲ ਲਾਮਬੰਦ ਅਤੇ ਚੇਤਨ ਕਰਨਾ ਜ਼ਰੂਰੀ ਹੈ। ਲੋਕਾਂ ਦੀ ਲਹਿਰ ਤੋਂ ਬਿਨਾਂ ਇਸ ਜਮਹੂਰੀ ਜਿੱਤ ਨੂੰ ਕਾਇਮ ਰੱਖਣਾ ਤੇ ਕੀਤੇ ਵਾਅਦੇ ਪੂਰੇ ਕਰਨਾ ਬੜਾ ਮੁਸ਼ਕਲ ਹੋਵੇਗਾ। ਫੌਜੀ ਤੇ ਮੂਲਵਾਦੀ ਇਸ ਜਿੱਤ ਨੂੰ ਆਸਾਨੀ ਨਾਲ ਬਰਦਾਸ਼ਤ ਨਹੀਂ ਕਰਨਗੇ। ਅਮਰੀਕਾ ਭੀ ਵੇਖੇਗਾ ਕਿ ਬੇ-ਨਜ਼ੀਰ ਕਿਸ ਹੱਦ ਤੱਕ ਪਾਕਿਸਤਾਨ ਨੂੰ ਉਸ ਦੇ ਅਸਰ ਤੇ ਘੇਰੇ ਵਿਚੋਂ ਬਾਹਰ ਲਿਜਾਂਦੀ ਹੈ। ਭੁੱਟੋ ਟੈਕਟੀਸ਼ੀਅਨ ਹੈ ਅਤੇ ਆਪਣੇ ਜਮਾਤੀ ਖਾਸੇ ਅਨੁਸਾਰ ਭੀ ਸਰਮਾਏਦਾਰ ਜਾਗੀਰਦਾਰਾਂ ਨਾਲ ਸਮਝੌਤੇ ਕਰੇਗੀ। ਫਿਰ ਭੀ ਇਹ ਜਿੱਤ ਜਮਹੂਰੀ ਲਹਿਰ ਦੀ ਜਿੱਤ ਹੈ ਅਤੇ ਜਮਹੂਰੀ ਤੇ ਖੱਬੇ ਪੱਖੀ ਲੋਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਫੌਜੀ ਅਤੇ ਸੱਜ ਪਿਛਾਖੜ ਦੀਆਂ ਜਮਹੂਰੀਅਤ ਅਤੇ ਲੋਕ ਵਿਰੋਧੀ ਚਾਲਾਂ ਤੇ ਸਾਜ਼ਸ਼ਾਂ ਤੋਂ ਸਾਵਧਾਨ ਰਹਿਣ, ਨੰਗਿਆਂ ਕਰਨ, ਪਿਛਾਖੜ ਅਤੇ ਹਰਾਉਣ।

GM Canada

**WHEATON**

**PONTIAC BUICK GMC LTD.**

**Bus: 526-2781 Res: 524-4137**

**325—12th St., New Westminster, B.C.**



**Pager 687- 7711 #7610**



Kuldip S. Jhand

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

# ਸਾਥੀ ਪਿਆਰਾ ਸਿੰਘ ਬਾਸੀ ਨੂੰ ਅੰਤਮ ਵਿਦਾਇਗੀ

ਸਾਥੀ ਬਾਸੀ ਦੀ ਦੇਹ ਅੰਤਮ ਦਰਸ਼ਨਾਂ ਲਈ ਐਵਨਲ ਫਿਊਨਲ ਹੋਮ ਸਰੀ ਵਿਚ ਰਖੀ ਗਈ ਜਿਥੇ ਕਿ ਗਰੇਟਰ ਵੈਨਕੂਵਰ ਏਰੀਏ ਅਤੇ ਵਿਲੀਅਮਜ਼ਲੇਕ, ਪਿਨਟਿਕਟਨ, ਵਿਕਟੋਰੀਆ, ਕੈਲੀਫੋਰਨੀਆਂ ਆਦਿਕ ਤੋਂ ਉਹਨਾਂ ਦੇ ਸਾਥੀ, ਰਿਸ਼ਤੇਦਾਰ, ਮਿਤਰ ਅਤੇ ਸਨੇਹੀ ਪੁਜੇ ਹੋਏ ਸਨ। ਉਹਨਾਂ ਦੇ ਵੱਡੇ ਭਾਈ ਸਾਥੀ ਕਰਨੈਲ ਬਾਸੀ ਅਤੇ ਉਹਨਾਂ ਦੇ ਭਤੀਜੇ ਸੰਤੋਖ ਬਾਸੀ ਇੰਗਲੈਂਡ ਤੋਂ ਆਏ ਹੋਏ ਸਨ।

ਸਾਰੇ ਇਕੱਠੇ ਹੋਇਆਂ ਨੂੰ ਸਾਥੀ ਗੁਰਨਾਮ ਸਿੰਘ ਸੰਘੇੜਾ ਨੇ ਵਿਛੜ ਚੁਕੇ ਆਪਣੇ ਪੁਰਾਣੇ ਸਾਥੀ ਜਿਹਨਾਂ ਨੂੰ ਕਿ ਉਹ ਪਿਛਲੇ 36 ਸਾਲਾਂ ਤੋਂ ਭਾਵ ਕਿ ਸਕੂਲ ਸਮੇਂ ਤੋਂ ਹੀ ਜਾਣਦੇ ਸਨ ਬਾਰੇ ਵਿਚਾਰ ਰੱਖੇ। ਉਹਨਾਂ ਆਖਿਆ ਕਿ ਇਹ ਬਹੁਤ ਹੀ ਦਰਦਨਾਕ ਅਤੇ ਅਕਹਿ ਤੇ ਅਸਹਿ ਦੁਖ ਵਾਲਾ ਸਮਾਂ ਹੈ। ਅਸੀਂ ਬਾਸੀ ਪਰਿਵਾਰ ਨਾਲ ਦੁਖ ਵਿਚ ਸ਼ਾਮਲ ਹੋਣ ਲਈ ਆਏ ਹਾਂ। ਅਸੀਂ ਇਸ ਸਮੇਂ ਜਦੋਂ ਉਸ ਦੀ ਮੌਤ ਤੇ ਦੁਖੀ ਹਾਂ ਤੇ ਗਮ ਵਿਚ ਡੁਬੇ ਹੋਏ ਹਾਂ, ਉਸ ਹੀ ਸਮੇਂ ਸਾਨੂੰ ਉਸ ਦੇ ਕੰਮਾਂ, ਜੀਵਨ ਅਤੇ ਮਾਰਕਸੀ ਲੈਨਿਨੀ ਵਿਚਾਰਾਂ ਤੇ ਆਧਾਰਤ ਖਿਆਲਾਂ ਤੋਂ ਹੌਂਸਲਾ ਲੈਣਾ ਜ਼ਰੂਰੀ ਹੈ ਕਿ ਉਹ ਵਿਚਾਰਧਾਰਾ ਜਿੰਦਾ ਹੈ। ਸਾਥੀ ਬਾਸੀ ਦੇ ਲੋਕ ਹਿਤੈਸ਼ੀ ਕੰਮ ਜਿਉਂਦੇ ਹਨ। ਚੰਗੇ ਕੰਮ ਤੇ ਦੱਬੇ ਕੁਚਲੇ ਲੋਕਾਂ ਦੇ ਕੰਮ ਆਉਣਾ ਵਿਅਕਤੀ ਦੇ ਨਾਮ ਤੇ ਵਿਚਾਰਾਂ ਨੂੰ ਜਿਉਂਦਾ ਰਖਦਾ ਹੈ। ਜਿਥੇ ਸਾਥੀ ਬਾਸੀ ਜੁਆਨੀ ਸਮੇਂ ਸੌਕਰ ਵਿਚ ਦੂਜਿਆਂ ਨੂੰ ਉਤਸ਼ਾਹ ਦੇਣ ਦਾ ਨਮੂਨਾ ਸੀ, ਇਸ ਹੀ ਤਰ੍ਹਾਂ ਲੋਕ ਹਿਤੂ ਕੰਮ ਲਈ, ਮਜ਼ਦੂਰ ਏਕੇ ਤੇ ਚੰਗੀਆਂ ਇਨਸਾਨੀ ਕਦਰਾਂ ਕੀਮਤਾਂ ਲਈ ਭੀ ਉਤਸ਼ਾਹ ਪੈਦਾ ਕਰਨ ਵਾਲਾ ਸੀ। ਉਹ ਦ੍ਰਿੜ੍ਹਤਾ ਵਾਲਾ ਵਿਅਕਤੀ ਸੀ ਅਤੇ ਜੀਵਨ ਵਿਚ ਚੰਗੇ ਕੰਮ ਕਰਨ ਲਈ ਯਤਨਸ਼ੀਲ ਰਿਹਾ ਜਿਸ ਤੋਂ ਉਤਸ਼ਾਹ ਲੈ ਕੇ ਆਪਣੇ ਗਮਾਂ ਤੇ ਕਾਬੂ ਪਾ ਕੇ ਅੱਗੇ ਤੁਰਨਾ ਹੈ।

ਇਸ ਤੋਂ ਪਿਛੋਂ ਪਾਰਟੀ ਦੀ ਤਰਫ ਤੋਂ ਸਾਥੀ ਗੁਰਨਾਮ ਸੰਘੇੜਾ, ਅਮਰਜੀਤ ਸੂਫੀ, ਮਹਿੰਦਰ ਸੂਮਲ ਅਤੇ ਸੁਰਿੰਦਰ ਸੰਘਾ ਨੇ ਸਾਥੀ ਦੀ ਦੇਹ ਤੇ ਲਾਲ ਝੰਡਾ ਪਾ ਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਾਥੀ ਦੀ ਪਤਨੀ ਬੀਬੀ ਸ਼ਵਿੰਦਰ ਕੌਰ ਬਾਸੀ ਨੇ ਉਹਨਾਂ ਦੀ ਦੇਹ ਦੇ ਸਾਹਮਣੇ ਖੜ੍ਹੇ ਹੋ ਕੇ ਆਪਣੇ ਮਨ ਨੂੰ ਤਕੜਾ ਕਰਕੇ ਦ੍ਰਿੜ੍ਹਤਾ ਨਾਲ ਪ੍ਰਣ ਕੀਤਾ ਕਿ ਉਹ ਉਹਨਾਂ ਦੇ ਰਾਹ ਤੇ ਚਲਣ ਦੀ ਕੋਸ਼ਿਸ਼ ਕਰੇਗੀ ਅਤੇ ਹਰ ਤਰ੍ਹਾਂ ਨਾਲ ਪਾਰਟੀ ਦੀ ਮੱਦਦ ਕਰਦੀ ਰਹੇਗੀ।

ਭਾਰੀ ਲੋਕਾਂ ਦੇ ਇਕੱਠ ਨੇ ਉਹਨਾਂ ਪਾਸੋਂ ਲੰਘ ਕੇ ਉਹਨਾਂ ਦੇ ਅੰਤਮ ਦਰਸ਼ਨ ਕੀਤੇ ਅਤੇ ਆਪਣੀ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਬਾਅਦ ਆਪਦੀ ਦੇਹ ਨੂੰ ਵਿਕਟਰੀ ਮੈਮੋਰੀਅਲ ਲਿਜਾਇਆ ਗਿਆ ਅਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸੰਸਕਾਰ ਕੀਤਾ ਗਿਆ।

## ਸ਼ਰਧਾਂਜਲੀ ਸਮਾਗਮ

ਵਿਛੜੇ ਸਾਥੀ ਦਾ ਸੰਸਕਾਰ ਕਰਨ ਤੋਂ ਬਾਅਦ ਲੀਨਾ ਸ਼ਾਹ ਐਲੀਮੈਂਟਰੀ ਸਕੂਲ ਦੇ ਹਾਲ ਵਿਚ ਆਪ ਨੂੰ ਅੰਤਮ ਸ਼ਰਧਾਂਜਲੀ ਅਰਪਨ ਕਰਨ ਲਈ ਸਮਾਗਮ ਕੀਤਾ ਗਿਆ। ਪਹਿਲਾਂ ਹੀ ਦੱਸ ਦਿੱਤਾ ਗਿਆ ਸੀ ਕਿ ਸਾਥੀ ਦੇ ਵਿਚਾਰਾਂ ਮੁਤਾਬਕ ਕੋਈ ਭੀ ਧਾਰਮਿਕ ਰਸਮ ਨਹੀਂ ਕੀਤੀ ਜਾਵੇਗੀ। ਉਹ ਮਾਰਕਸੀ ਲੈਨਿਨੀ ਵਿਚਾਰਧਾਰਾ ਨਾਲ ਬਚਨਬੱਧ ਸੀ ਅਤੇ ਇਸ ਧਰਤੀ ਤੇ ਹੀ ਬਹਿਸ਼ਤ ਉਭਾਰਨ ਲਈ ਯਤਨਸ਼ੀਲ। ਸਾਥੀ ਗੁਰਨਾਮ ਸਿੰਘ ਸੰਘੇੜਾ ਨੇ ਸਟੇਜ ਦੀ ਕਾਰਵਾਈ ਨਿਭਾਈ ਤੇ ਨਾਲ ਦੇ ਸਾਥੀ ਸੁਰਿੰਦਰ ਸੰਘਾ, ਸੂਫੀ ਅਮਰਜੀਤ, ਮੁਹਿੰਦਰ ਸੂਮਲ ਅਤੇ ਜਸਪਾਲ ਸੰਧੂ ਭੀ ਸਟੇਜ ਤੇ ਬੈਠੇ ਸਨ। ਨਾਲ ਸਾਥੀ ਬਾਸੀ ਦਾ ਬੜਾ ਭਾਈ ਕਰਨੈਲ ਸਿੰਘ (ਇੰਗਲੈਂਡ ਤੋਂ )।

ਸਾਥੀ ਗੁਰਨਾਮ ਸਿੰਘ ਸੰਘੇੜਾ ਨੇ ਸਾਥੀ ਬਾਸੀ.ਦੇ ਖਾਲਸਾ ਹਾਈ ਸਕੂਲ ਬੁਡਾਲਾ, ਡੀ. ਏ. ਵੀ ਕਾਲਜ ਜਲੰਧਰ ਅਤੇ ਪੰਜਾਬ ਯੂਨੀਵਰਸਿਟੀ ਤੇ ਭਾਰਤੀ ਅੰਤਰ ਯੂਨੀਵਰਸਿਟੀ ਸੌਕਰ ਮੈਚਾਂ ਵਿਚ ਸਾਥੀ ਬਾਸੀ ਦੇ ਖੇਡਣ ਬਾਰੇ ਤੇ ਉਸ ਸਮੇਂ ਅਗਾਂਹਵਧੂ ਖਿਆਲਾਂ ਬਾਰੇ ਦੱਸਿਆ। ਇੰਗਲੈਂਡ ਵਿਚ ਸਾਥੀ ਬਾਸੀ ਦੇ ਯੋਗਦਾਨ ਬਾਰੇ ਦੱਸਿਆ। ਸਾਥੀ ਬਾਸੀ ਸਦਾ ਹੀ ਦੇਸ਼ ਤੇ ਲੋਕ ਹਿਤਾਂ ਲਈ ਸੋਚਦੇ ਤੇ ਕੰਮ ਕਰਦੇ ਰਹੇ। ਹਰ ਸਮੇਂ ਪਰਿਵਾਰ ਸਮੇਤ ਜਲਸੇ ਜਲੂਸ ਅਤੇ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਅਤੇ ਕੈਨੇਡਾ ਵਿਚ ਮੋਹਰੀ ਦਾ ਰੋਲ ਅਦਾ ਕਰਦੇ ਰਹੇ ਹਨ। ਬੰਦਾ ਆਪਣੇ ਕੰਮਾਂ ਨਾਲ ਜਾਣਿਆ ਜਾਂਦਾ ਹੈ। ਚੰਗੇ ਕੰਮ ਉਹ ਹਨ ਜੋ ਮਜ਼ਦੂਰ ਕਿਸਾਨ ਲਈ ਸਹਾਈ ਹੁੰਦੇ, ਉਨ੍ਹਾਂ ਦੀ ਲੁੱਟ ਖਤਮ ਕਰਨ ਵਿਚ ਸਹਾਈ ਹੁੰਦੇ, ਭਰਾਤਰੀ ਸਦ ਭਾਵਨਾ ਪੈਦਾ ਕਰਦੇ, ਜਮਹੂਰੀਅਤ ਤੇ ਦੇਸ਼ ਦੀ ਅਖੰਡਤਾ ਲਈ


ROYAL FURNITURE LTD.

2607 MAIN STREET (at 10th. AVE.) VANCOUVER, B.C

TEL. 874-9525

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

ਆਓ ਤੇ ਅਜ਼ਮਾ ਕੇ ਦੇਖੋ

● ਲਿਵਿੰਗ ਰੂਮ ● ਡਾਇਨਿੰਗ ਰੂਮ
● ਬੈਡ ਰੂਮ ਅਤੇ
ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

ROYAL FURNITURE


PAUL TOOR

ਰੌਇਲ ਫਰਨੀਚਰ ਲਿਮ:

ਕੀਤੇ ਜਾਂਦੇ ਹਨ। ਪਰ ਇਹਨਾਂ ਚੰਗੇ ਕੰਮਾਂ ਨੂੰ ਦ੍ਰਿੜਤਾ ਨਾਲ ਅਮਲੀ ਰੂਪ ਦੇਣ ਤੇ ਸਫਲ ਕਰਨ ਲਈ ਵਿਗਿਆਨਕ ਵਿਚਾਰਧਾਰਾ ਦੀ ਲੋੜ ਹੈ। ਵਿਚਾਰਧਾਰਾ ਤੋਂ ਬਿਨਾਂ ਅਮਲ ਅੰਨਾ ਹੈ। ਅਮਲ ਤੇ ਸਿਧਾਂਤ ਦਾ ਮੇਲ ਜ਼ਰੂਰੀ ਹੈ। ਅਜੋਕੇ ਯੁਗ ਦੇ ਲੋਕ (ਮਜ਼ਦੂਰ) ਕਲਿਆਣਕਾਰੀ ਵਿਚਾਰਧਾਰਾ ਤਾਂ ਮਾਰਕਸੀ ਲੈਨਿਨੀ ਸਿਧਾਂਤ ਹੈ ਜੋ ਦੁਨੀਆਂ ਦੇ ਮਸਲਿਆਂ ਦਾ ਹੀ ਨਿਰਣਾ ਨਹੀਂ ਕਰਦੀ। ਬਲਕਿ ਇਸ ਨੂੰ ਕਿਵੇਂ ਬਦਲਣਾ.ਹੈ, ਭੀ ਦੱਸਦਾ ਹੈ। ਭਾਵੇਂ ਕਿ ਕਈ ਚੀਜ਼ਾਂ ਤੇ ਕੁਦਰਤ ਦੇ ਭੇਦਾਂ ਦਾ ਅਜੇ ਪੂਰਾ ਪਤਾ ਨਹੀਂ ਪਰ ਅਸੀਂ ਇਹ ਨਹੀਂ ਮੰਨਦੇ ਕਿ ਉਹਨਾਂ ਬਾਰੇ ਜਾਣਿਆ ਨਹੀਂ ਜਾ ਸਕਦਾ। ਸਾਇੰਸ ਤੇ ਤਕਨੀਕੀ ਉਨਤੀ ਨਾਲ ਜਾਣਿਆ ਜਾ ਸਕਦਾ ਹੈ ਅਤੇ ਮਜ਼ਦੂਰ ਕਿਸਾਨ ਆਪਣੀ ਏਕਤਾ ਰਾਹੀਂ ਸਾਇੰਸ ਤੇ ਵਿਗਿਆਨਕ ਸਮਾਜਵਾਦੀ ਫਲਸਫੇ ਨੂੰ ਵਰਤ ਕੇ ਧਰਤੀ ਦੇ ਲੋਕਾਂ ਦੀ ਕਾਇਆ ਪਲਟ ਸਕਦੇ ਹਨ। ਸਾਥੀ ਬਾਸੀ ਦਾ ਇਸ ਵਿਚ ਵਿਸ਼ਵਾਸ ਸੀ ਤੇ ਇਸ ਬਾਰੇ ਚੇਤਨ। ਸੰਘੇੜਾ ਨੇ ਅੱਗੇ ਜਾ ਕੇ ਆਖਿਆ ਕਿ 1984 ਤੋਂ ਪਿਛੋਂ ਕਈ ਕਹਿੰਦੇ ਕਹਾਉਂਦੇ ਫਿਰਕੂ ਜਨੂੰਨ ਤੇ ਵਖਵਾਦ ਵਿਚ ਰੁੜ ਗਏ ਪਰ ਸਾਥੀ ਬਾਸੀ ਨੇ ਸਗੋਂ ਇਸ ਲੋਕ ਵਿਰੋਧੀ ਰੁਝਾਨ ਦਾ ਵਿਰੋਧ ਭੀ ਕੀਤਾ, ਪਿਛਾੜਿਆ ਅਤੇ ਸਾਥੀਆਂ ਨੂੰ ਨਾਲ ਲੈ ਕੇ ਕੈਨੇਡਾ ਪੱਧਰ ਤੇ ਸਭ ਤੋਂ ਮੂਹਰੇ ਖੜੇ। ਇਹਨਾਂ ਸਿਧਾਂਤਾਂ ਲਈ ਅਸੀਂ ਅਗੇ ਨੂੰ ਭੀ ਲੜਦੇ ਰਹਾਂਗੇ।

ਸਭ ਤੋਂ ਪਹਿਲਾਂ ਦਰਸ਼ਨ ਸਿੰਘ ਬਾਸੀ (ਪਿਆਰਾ ਸਿੰਘ ਦੇ ਤਾਏ ਦੇ ਲੜਕੇ) ਜੋ ਕਿ ਟਰਾਂਟੋ ਤੋਂ ਆਏ ਸਨ ਨੇ ਆਪਣਾ ਮਨ ਕਰੜਾ ਕਰਕੇ ਦੱਸਿਆ ਇਹ ਮੇਰੇ ਤੋਂ ਪੰਦਰਾਂ ਸਾਲ ਛੋਟਾ ਸੀ। ਮੇਰੇ ਦੇਖਦਿਆਂ ਦੇਖਦਿਆਂ ਜਵਾਨ ਹੋਇਆ। ਜਦੋਂ ਪੜ੍ਹਦਾ ਤਾਂ ਇਸਨੂੰ ਦੇਖ ਕੇ ਬੜੀ ਖੁਸ਼ੀ ਹੁੰਦੀ ਸੀ। ਇਹ ਸਾਡੇ ਪਰਿਵਾਰ ਦੀ ਇਸ ਪੀੜ੍ਹੀ ਦਾ ਸਭ ਤੋਂ ਛੋਟਾ ਮੈਂਬਰ ਸੀ ਅਤੇ ਪਹਿਲਾਂ ਤੋਂ ਹੀ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਲਗਦਾ ਸੀ। ਪਹਿਲਾਂ ਵਲੈਤ ਆਏ ਫਿਰ ਕੈਨੇਡਾ ਆਇਆ। ਇਸਨੇ ਲੋਕਾਂ ਦੇ ਕੰਮਾਂ ਵਿਚ ਹਮੇਸ਼ਾਂ ਹੀ ਪਹਿਲ ਕੀਤੀ ਪ੍ਰੂਤੂ ਸਮੇਂ ਦਾ ਕੁਝ ਪਤਾ ਨਹੀਂ ਅਤੇ ਅੱਜ ਸਾਡੇ ਵਿਚਕਾਰ ਨਹੀਂ ਰਿਹਾ। ਅਸੀਂ ਸਾਰਿਆਂ ਨੇ ਇਸਦੇ ਖਿਆਲਾਂ ਮੁਤਾਬਕ ਆਪਨੂੰ ਸ਼ਰਧਾਂਜਲੀ ਅਰਪਨ ਕੀਤੀ ਅਤੇ ਅਸੀਂ ਲੋਕ ਲਾਜ ਦਾ ਖਿਆਲ ਨਹੀਂ ਰੱਖਿਆ।

ਇਹਨਾਂ ਤੋਂ ਬਾਅਦ ਸਾਥੀ ਸੁਰਿੰਦਰ ਸੰਘਾ ਨੇ ਸਾਥੀ ਨੂੰ ਯਾਦ ਕਰਦਿਆਂ ਕਿਹਾ ਕਿ ਅਜ ਸਾਥੀ ਵਿਛੜ ਗਿਆ ਹੈ। ਪਿਛਲੇ ਦਸ ਸਾਲਾਂ ਤੋਂ ਉਹਨਾਂ ਨਾਲ ਕੰਮ ਕਰਦਿਆਂ ਭਾਵੇਂ ਇਹ ਲੋਕਤਾ, ਇੰਡੀਅਨ ਵਰਕਰਜ਼ ਐਸੋ: ਅਤੇ ਪਾਰਟੀ ਦਾ ਕੰਮ ਹੋਵੇ ਹਮੇਸ਼ਾਂ ਹੀ ਇਕੱਠੇ ਰਹੇ ਅਤੇ ਸਾਥੀ ਹਮੇਸ਼ਾਂ ਹੀ ਸਾਰੇ ਮੈਂਬਰਾਂ ਨੂੰ ਇਕ ਪਰਿਵਾਰ ਦੀ ਤਰ੍ਹਾਂ ਸਮਝਦੇ ਸਨ। ਅਸੀਂ ਕਮਿਊਨਿਸਟ ਆਪਣੇ ਵਿਛੜੇ ਸਾਥੀਆਂ ਤੇ ਜਿਥੇ ਸੋਗ ਮਨਾਉਂਦੇ ਹਾਂ ਉਥੇ ਉਹਨਾਂ ਦੀ ਦੇਣ ਨੂੰ ਯਾਦ ਕਰਦੇ ਹਾਂ ਅਤੇ ਇਸੇ ਹੀ ਤਰ੍ਹਾਂ ਸਾਥੀ ਬਾਸੀ ਵਲੋਂ ਛੱਡੇ ਕੰਮਾਂ ਤੇ ਪੂਰੇ ਜ਼ੋਰ ਨਾਲ ਅਗੇ ਵਧਾਉਣ ਅਤੇ ਪਹਿਰਾ ਦੇਣ ਦਾ ਅਹਿਦ ਕਰਦੇ ਹਾਂ। ਅੰਤ ਵਿਚ ਉਹਨਾਂ ਨੇ ਬਾਸੀ ਹੁਰਾਂ ਦੀ ਪਤਨੀ ਭੈਣ ਸ਼ਵਿੰਦਰ, ਲੜਕੇ ਬਲਜੀਤ ਅਤੇ ਨਵਤੇਜ ਅਤੇ ਕਰਨੈਲ ਸਿੰਘ ਬਾਸੀ ਅਤੇ ਹੋਰ ਰਿਸ਼ਤੇਦਾਰਾਂ ਨਾਲ ਹਮਦਰਦੀ ਜ਼ਾਹਿਰ ਕੀਤੀ।

ਸਾਥੀ ਅਮਰਜੀਤ ਸੂਫੀ ਜੋ ਕਿ 1975 ਤੋਂ ਹੀ ਬਾਸੀ ਹੁਰਾਂ ਨਾਲ ਕੰਮ ਕਰਦੇ ਆ ਰਹੇ ਹਨ ਨੇ ਦੱਸਿਆ ਕਿ ਜਦੋਂ ਮੈਂ 1974 ਵਿਚ ਇੰਡੀਆ ਗਿਆ ਅੀਤੇ ਸਾਥੀ ਸੁਰਜੀਤ ਹੁਰਾਂ ਨੂੰ ਮਿਲਿਆ ਤਾਂ ਉਹਨਾਂ ਨੇ ਦੱਸਿਆ ਕਿ ਪਿਆਰਾ ਬਾਸੀ ਨਾਲ ਸੰਬੰਧ ਪੈਦਾ ਕਰੋ ਅਤੇ ਜਦੋਂ ਮੈਂ ਬਾਸੀ ਨੂੰ ਮਿਲਿਆ ਤਾਂ ਇਹ ਬਹੁਤ ਖੁਸ਼ ਹੋਏ ਅਤੇ ਅਸੀਂ ਵਿਚਾਰ ਕੀਤਾ ਕਿ ਅਗਾਂਹਵਧੂ ਲੋਕਾਂ ਨਾਲ ਮਿਲਕੇ ਐਮਰਜੈਂਸੀ ਦਾ ਵਿਰੋਧ ਕਰੀਏ ਅਤੇ ਅਸੀਂ ਇਸਦੇ ਵਿਰੁਧ ਮੁਜ਼ਾਹਰਾ ਕੀਤਾ। ਲੋਕਤਾ ਦਾ ਪਰਚਾ ਅਕਤੂਬਰ 1976 ਵਿਚ ਕੱਢਿਆ ਇਸਦੀ ਮਾਇਕ ਸਹਾਇਤਾ ਬਾਸੀ ਹੁਰਾਂ ਵਲੋਂ ਕੀਤੀ ਗਈ। ਪੇਪਰ ਨਾਲ ਸਾਨੂੰ ਹੋਰ ਅਗਾਂਹਵਧੂ ਲੋਕਾਂ ਨਾਲ ਸੰਬੰਧ ਕਾਇਮ ਕਰਨ ਦਾ ਮੌਕਾ ਮਿਲਿਆ। ਇਸੇ ਕਰਕੇ ਹੀ ਅਸੀਂ 1977 ਵਿਚ ਇੰਡੀਅਨ ਵਰਕਰਜ਼ ਐਸੋ: ਦੀ ਸਥਾਪਨਾ ਕੀਤੀ। ਆਪ ਫਾਰਮ ਵਰਕਰਜ਼ ਯੂਨੀਅਨ, ਅਮਨ ਮਾਰਚ ਅਤੇ ਹੋਰ ਹਰ ਤਰ੍ਹਾਂ ਦੇ ਸਰਕਾਰਾਂ ਦੇ ਲੋਕ ਵਿਰੋਧੀ ਧਕਿਆਂ ਵਿਰੁਧ ਮਾਰਚਾਂ ਵਿਚ ਹਿੱਸਾ ਲੈਂਦੇ ਰਹੇ। ਅਗੇ ਲਈ ਭੀ ਇਹਨਾਂ ਮੁਜ਼ਾਹਰਿਆਂ ਵਿਚ ਸ਼ਾਮਿਲ ਹੋਣਾ ਸਾਥੀ ਨੂੰ ਸਹੀ ਸ਼ਰਧਾਂਜਲੀ ਹੋਵੇਗੀ।

ਇਹਨਾਂ ਤੋਂ ਬਾਅਦ ਸਾਥੀ ਮੁਹਿੰਦਰ ਸੂਮਲ ਨੇ ਦੱਸਿਆ ਕਿ ਉਹ ਪਿਛਲੇ 14 ਸਾਲਾਂ ਤੋਂ ਬਾਸੀ ਨਾਲ ਕੰਮ ਕਰਦੇ ਆ ਰਹੇ ਅਤੇ ਉਹ ਹਮੇਸ਼ਾਂ ਹੀ ਚੰਗੇ ਬੰਦਿਆਂ ਦੀ ਭਾਲ ਵਿਚ ਸਨ। ਇਨਸਾਨ ਨੂੰ ਬੇਇਨਸਾਫੀ ਸਾਹਮਣੇ ਝੁਕਣਾ ਨਹੀਂ ਚਾਹੀਦਾ ਇਹ ਉਹਨਾਂ ਦਾ ਅਸੂਲ ਸੀ। ਹਮੇਸ਼ਾਂ ਹੀ ਮੰਜ਼ਲ ਵਲ ਵਧਣ ਲਈ ਉਪਰਾਲੇ ਕਰਦੇ ਅਤੇ ਮਨੁੱਖਤਾ ਦੀ ਪੀੜਾਂ ਉਹਨਾਂ ਦੇ ਮਨ ਵਿਚ ਚੁਭਦੀਆਂ ਰਹਿੰਦੀਆਂ। ਲੋਕਾਂ ਨੂੰ ਇਕਮੁਠ ਕਰਨ ਅਤੇ ਬੇਇਨਸਾਫੀ ਦੇ ਵਿਰੁਧ ਲੜਨ ਲਈ ਉਹਨਾਂ ਆਪਣਾ ਪੂਰਾ ਤਾਣ ਲਾਇਆ।

ਸਾਥੀ ਜਸਪਾਲ ਸੰਧੂ ਨੇ ਉਹਨਾਂ ਨੂੰ ਯਾਦ ਕਰਦਿਆਂ ਦੱਸਿਆ ਕਿ ਉਹਨਾਂ ਨੂੰ ਆਪਸ ਵਿਚ 1976 ਵਿਚ ਮਿਲਣ ਦਾ ਮੌਕਾ ਮਿਲਿਆ ਅਤੇ ਉਹਨਾਂ ਦੀ ਇਛਾ ਸੀ ਕਿ ਆਪਾਂ ਰਲ ਕੇ ਆਪਣੀ ਜਥੇਬੰਦੀ ਬਣਾਈਏ ਅਤੇ ਇਸ ਲਈ ਪਹਿਲਾਂ ਵਚਨਬੱਧਤਾ ਜ਼ਰੂਰੀ ਹੈ। ਮੈਨੂੰ ਉਸਨੂੰ ਕਾਫੀ ਨੇੜੇ ਤੋਂ ਦੇਖਣ ਦਾ ਮੌਕਾ ਮਿਲਿਆ ਉਸਦੇ ਆਪਣੀ ਜ਼ਿੰਦਗੀ ਦੇ ਤਜਰਬੇ ਬਹੁਤ ਸਪਸ਼ਟ ਸਨ, ਸੰਕਟ ਸਮੇਂ ਕਦੇ ਨਹੀਂ ਡੋਲਿਆ, ਚਟਾਨ ਵਰਗਾ ਸਾਥੀ ਸੀ ਅਤੇ ਇਸਦੇ ਨਾਲ ਹੀ ਉਹ ਆਰਥਿਕਤਾ ਸੰਬੰਧੀ ਕਾਫੀ ਡੂੰਘੀ ਸਮਝ ਰਖਦਾ ਸੀ।

ਸਾਥੀ ਜੀਤ ਸਿੰਘ ਅਣਖੀ ਹੁਰਾਂ ਦੱਸਿਆ ਕਿ ਸਾਥੀ ਬਾਸੀ ਦਾ ਇਹ ਦੁਖਦਾਈ ਵਿਛੋੜਾ ਪਾਰਟੀ ਲਈ ਬਹੁਤ ਹੀ ਘਾਟਾ ਹੈ। ਉਸਨੂੰ ਝੋਲਾ ਫੜਕੇ ਮੰਗਣ ਵਿਚ ਕੋਈ ਝਿਜਕ ਨਹੀਂ ਸੀ। ਉਸ ਵਿਚ ਮਨੁਖਤਾ ਲਈ ਡੂੰਘਾ ਦਰਦ ਸੀ। ਇਹ ਪਰਿਵਾਰ ਲਈ ਬਹੁਤ ਔਖਾ ਸਮਾਂ ਹੈ। ਸਾਥੀ ਬਾਸੀ ਕੈਨੇਡਾ ਦੀ ਧਰਤੀ ਤੇ ਪਾਰਟੀ ਲਈ ਬੋਹੜ ਦਾ ਦਰਖਤ ਸੀ ਜਿਸਦੀ ਛਾਂ ਥੱਲੇ ਹਰ ਸਾਥੀ ਬੈਠਿਆ। ਸਾਥੀ ਅਦਰਸ਼ਾਂ ਵਾਸਤੇ ਜੀਵਿਆ। ਬਾਸੀ ਹੁਰਾਂ ਦੇ ਘਰ ਵਲੋਂ ਜੋ ਹਿੱਸਾ ਪਾਰਟੀ ਨੂੰ ਵਧਾਉਣ ਲਈ ਪਾਇਆ ਗਿਆ ਉਸਨੂੰ ਅਗੇ ਭੀ ਇਸੇ ਤਰ੍ਹਾਂ ਹੀ ਰਖਿਆ ਜਾਵੇਗਾ ਅਤੇ ਉਹਨਾਂ ਨੂੰ ਸਹੀ ਸ਼ਰਧਾਂਜਲੀ ਉਹਨਾਂ ਦੇ ਅਦਰਸ਼ਾਂ ਤੇ ਚਲਣ ਤੇ ਹੀ ਹੈ।

ਦਰਸ਼ਨ ਗਿੱਲ ਸੰਪਾਦਕ ਕੈਨੇਡਾ ਦਰਪਣ ਨੇ ਕਿਹਾ ਕਿ ਅਜ ਦਾ ਦਿਨ ਸਾਰਿਆਂ ਲਈ ਕਾਫੀ ਦੁਖਦਾਈ ਦਿਨ ਹੈ। ਅਤੇ ਉਹਨਾਂ ਦੱਸਿਆ ਕਿ ਕੈਨੇਡਾ ਦਰਪਣ ਦੇ ਬਾਸੀ ਪਰਿਵਾਰ ਨਾਲ ਬੜੇ ਗੂੜ੍ਹੇ ਸੰਬੰਧ ਸਨ। ਬਾਸੀ ਜਿਹਨਾਂ ਕਦਰਾਂ ਕੀਮਤਾਂ ਤੇ ਡਟਿਆ ਰਿਹਾ 'ਕੈਨੇਡਾ ਦਰਪਣ' ਭੀ ਉਹਨਾਂ ਕਦਰਾਂ ਕੀਮਤਾਂ ਤੇ ਚਲਣ ਦੀ ਕੋਸ਼ਿਸ਼ ਕਰਦਾ ਹੈ। ਉਹਨਾਂ ਇੰਡੀਅਨ ਵਰਕਰਜ਼ ਐਸੋ: ਅਤੇ ਲੋਕਤਾ ਦੀ 14 ਸਾਲ ਤੋਂ ਅਗਵਾਈ ਕੀਤੀ ਅਤੇ ਮੰਗ ਕਰਾਂਗਾ ਕਿ ਇਹਨਾਂ ਦੋਹਾਂ ਅਦਾਰਿਆਂ ਦੇ ਸਾਥੀ ਆਉਣ ਵਾਲੇ ਸਮੇਂ ਵਿਚ ਪੂਰਾ ਉਤਰਨ ਦੀ ਕੋਸ਼ਿਸ਼ ਕਰਨਗੇ। ਇਹ ਹੀ ਉਹਨਾਂ ਨੂੰ ਸਹੀ ਸ਼ਰਧਾਂਜਲੀ ਹੋਵੇਗੀ।

ਉਜੱਲ ਦੁਸਾਂਝ ਜੋ ਕਿ ਸਾਥੀ ਬਾਸੀ ਨੂੰ 1968 ਤੋਂ ਹੀ ਜਾਣਦੇ ਸਨ ਨੇ ਕਿਹਾ ਬਾਸੀ ਵਡਮੁਲਾ ਮਨੁੱਖ ਸੀ ਉਹਨਾਂ ਦੇ ਵਿਛੋੜੇ ਨਾਲ ਉਹਨਾਂ ਦੇ ਪਰਿਵਾਰ ਅਤੇ ਅਗਾਂਹਵਧੂ ਦੁਨੀਆਂ ਨੂੰ ਬਹੁਤ ਘਾਟਾ ਪਿਆ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਜਿਸ ਤਰ੍ਹਾਂ ਕੈਨੇਡਾ ਵਿਚ ਉਹਨਾਂ ਦੀ ਜਥੇਬੰਦੀ ਇੰਡੀਅਨ ਵਰਕਰਜ਼ ਐਸੋ: ਅਤੇ ਲੋਕਤਾ ਨੇ ਆਪਣੇ ਲੋਕਾਂ ਦੀ ਏਕਤਾ ਅਤੇ ਭਾਰਤ ਦੀ ਅਖੰਡਤਾ ਲਈ ਜਥੇਬੰਦਕ ਸਟੈਂਡ ਲਿਆ ਇਸਨੂੰ ਚਾਲੂ ਰਖਿਆ ਜਾਵੇ ਇਹ ਹੀ ਉਹਨਾਂ ਨੂੰ ਸਹੀ ਸ਼ਰਧਾਂਜਲੀ ਹੋਵੇਗੀ।

ਸਾਥੀ ਕੁਲਵੰਤ ਢੇਸੀ ਦੱਸਿਆ ਕਿ ਅਜ ਅਸੀ ਉਸ ਸੂਰਮੇ ਦੀ ਯਾਦ ਵਿਚ ਇਕੱਠੇ ਹੋਏ ਹਾਂ ਜੋ ਹਮੇਸ਼ਾਂ ਹੀ ਲਗਾਤਾਰ ਅਗਾਂਹਵਧੂ ਲਹਿਰਾਂ ਨਾਲ ਖੜਿਆ ਉਹ ਨਿਡਰ ਸਨ। ਸਾਥੀ ਦੀ ਬੇਵਕਤ ਮੌਤ ਨਾਲ ਅਗਾਂਹਵਧੂ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਅਗਾਂਹਵਧੂ ਲਹਿਰਾਂ ਵਿਚ ਹੀ ਹਿੱਸਾ ਪਾ ਕੇ ਅਸੀਂ ਉਹਨਾਂ ਨੂੰ ਠੀਕ ਸ਼ਰਧਾਂਜਲੀ ਦੇ ਸਕਦੇ ਹਾਂ।

ਸਾਥੀ ਹਰਮਿੰਦਰ ਕੌਰ ਸੰਘੇੜਾ ਨੇ ਦੱਸਿਆ ਕਿ ਬਾਸੀ ਹੁਰਾਂ ਦੀ ਮਾਤਾ ਦਾ ਆਪਣੇ ਬੱਚਿਆਂ ਦੀ ਡੀਵੈਲਪਮੈਂਟ ਵਿਚ ਉਘਾ ਹਿੱਸਾ ਹੈ। ਪਿਆਰਾ ਬਾਸੀ ਨੇ ਮਾਰਕਸਵਾਦ ਦੀ ਸੂਝ ਸ਼ਵਿੰਦਰ ਨੂੰ ਵਿਆਹ ਤੋਂ ਬਾਅਦ ਦਿੱਤੀ। ਸ਼ਵਿੰਦਰ ਨੇ

ਹਰ ਤਰ੍ਹਾਂ ਨਾਲ ਪਾਰਟੀ ਦੀ ਦੇਖ ਭਾਲ ਕੀਤੀ। ਸ਼ਵਿੰਦਰ ਨੇ ਜੋ ਲੋਅ ਪਿਆਰਾ ਬਾਸੀ ਤੋਂ ਪ੍ਰਾਪਤ ਕੀਤੀ ਆਸ ਕਰਦੀ ਹਾਂ ਕਿ ਸਾਰੇ ਪਤੀ ਆਪਣੀਆਂ ਪਤਨੀਆਂ ਨੂੰ ਭੀ ਦੇਣ ਅਤੇ ਇਹ ਇਕ ਮਾਂ ਦੇ ਰੂਪ ਵਿਚ ਆਪਣੇ ਬੱਚਿਆਂ ਨੂੰ ਦੇਣ।

ਸਾਥੀ ਕਰਨੈਲ ਬਾਸੀ (ਪਿਆਰਾ ਬਾਸੀ ਦੇ ਵੱਡੇ ਭਾਈ) ਜੋ ਕਿ ਇੰਗਲੈਂਡ ਤੋਂ ਆਏ ਸਨ ਨੇ ਭਰੀ ਅਵਾਜ਼ ਵਿਚ ਕਿਹਾ ਕਿ ਮੈਨੂੰ ਭਾਈ ਦੇ ਵਿਛੋੜੇ ਦਾ ਦੁਖ ਹੈ ਮੇਰਾ ਉਸ ਨਾਲ ਸਿਆਸੀ ਤੌਰ ਤੇ ਰਿਸ਼ਤਾ ਜ਼ਿਆਦਾ ਸੀ। ਉਹਨਾਂ ਦੱਸਿਆ ਕਿ ਜਦੋਂ ਤੋਂ ਇਹ ਪਾਰਟੀ ਨਾਲ ਰਲਿਆ ਹਮੇਸ਼ਾਂ ਹੀ ਪਾਰਟੀ ਨਾਲ ਖੜਾ ਰਿਹਾ ਇਸਤੇ ਮੈਨੂੰ ਮਾਣ ਹੈ।

ਸਾਥੀ ਚਰਨ ਸੱਲ ਹੁਰਾਂ ਅਹਿਦ ਕੀਤਾ ਕਿ ਅਸੀਂ ਸਾਥੀ ਬਾਸੀ ਦੇ ਮਨ ਦੀ ਧੜਕਣ ਦਿਲ ਵਿਚ ਲੈ ਕੇ ਅਗੇ ਤੁਰੀਏ ਇੰਡੀਅਨ ਵਰਕਰਜ਼ ਐਸੋ: ਨੂੰ ਅਗੇ ਵਧਾਈਏ ਅਤੇ ਇਸਦੇ ਵਾਧੇ ਨਾਲ ਬਾਸੀ ਹੁਰੀਂ ਹਮੇਸ਼ਾਂ ਜਿਉਂਦੇ ਰਹਿਣਗੇ।

ਸੁਚਾ ਸਿੰਘ ਕਲੇਰ (ਸ਼ਾਨ ਸਾੜ੍ਹੀਜ਼), ਅਜੀਤ ਸਿੰਘ ਸਿੱਧੂ ਅਤੇ ਹਰਮਿੰਦਰ ਜਸੜ ਹੁਰਾਂ ਬਾਸੀ ਹੁਰਾਂ ਦੀਆਂ ਯਾਦਾਂ ਨੂੰ ਤਾਜਾ ਕੀਤਾ ਅਤੇ ਪਰਿਵਾਰ ਨਾਲ ਹਮਦਰਦੀਆਂ ਪ੍ਰਗਟ ਕੀਤੀਆਂ।

ਇਸ ਦੁਖ ਭਰੇ ਮੌਕੇ ਤੇ ਭੀ ਬਾਸੀ ਪਰਿਵਾਰ ਵੱਲੋਂ ਜਥੇਬੰਦੀ ਨੂੰ 500 ਡਾਲਰ, 100 ਡਾਲਰ ਗੁਰਚਰਨ ਬਾਸੀ (ਉਸਦੇ ਤਾਏ ਦੇ ਲੜਕੇ) ਅਤੇ 100 ਡਾਲਰ ਰਾਜ ਬੈਂਸ (ਚਾਚੇ ਦੀ ਲੜਕੀ) ਕੈਲੇਫੋਰਨੀਆਂ ਵਲੋਂ ਮੱਦਦ ਦਿੱਤੀ ਗਈ।

●

# ਕਾਮਰੇਡ ਪਿਆਰਾ ਸਿੰਘ ਬਾਸੀ ਨੂੰ ਲਾਲ ਸਲਾਮ!

**ਕਾਮਰੇਡ ਜੀਤ ਸਿੰਘ 'ਅਣਖੀ'**

ਕਾਮਰੇਡ ਪਿਆਰਾ ਸਿੰਘ ਬਾਸੀ 30 ਨਵੰਬਰ ਦੀ ਰਾਤ ਨੂੰ ਸਾਡੇ ਸਮਾਜਵਾਦੀ ਕਾਫਲੇ ਦੀ ਅਗਵਾਈ ਕਰਦਾ ਕਰਦਾ ਮੌਤ ਚੰਦਰੀ ਦੀਆਂ ਭਿਆਨਕ ਵਾਦੀਆਂ ਵਿਚ ਗਵਾਚ ਗਿਆ। ਉਹ ਸਾਡੀ ਮਾਰਕਸਵਾਦੀ ਪਾਰਟੀ ਦਾ ਮਜ਼ਬੂਤ ਧੁਰਾ ਸੀ।

ਸਾਥੀ ਹਰ ਰਿਸ਼ਤੇ ਦੀ ਭੂਮਕਾ ਨਿਭਾਉਣ ਦੀ ਸਚਿਆਰੀ ਜਾਂਚ ਜਾਣਦਾ ਸੀ। ਉਹ ਸ਼ਵਿੰਦਰ ਭੈਣ ਦੇ ਦਿਲ ਦਾ ਮਹਿਰਮ ਸੀ, ਬਲਜੀਤ ਅਤੇ ਨਵਤੇਜ ਦਾ ਗੂੜੇ ਮਿਤਰਾਂ ਵਰਗਾ ਪਿਤਾ ਸੀ ਅਤੇ ਆਪਣੇ ਵੱਡੇ ਭਾਈ ਕਾਮਰੇਡ ਕਰਨੈਲ ਸਿੰਘ (ਇੰਗਲੈਂਡ) ਦਾ ਸਿਧਾਂਤਵਾਦੀ ਮਿਤਰ ਅਤੇ ਪੁਤਰਾਂ ਤੋਂ ਭੀ ਪਿਆਰਾ ਛੋਟਾ ਵੀਰ ਸੀ। ਸਾਡੀ ਪਾਰਟੀ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ ਉਸ ਕੋਲ ਮਾਂ ਦੀ ਬੁਕਲ ਵਰਗਾ ਨਿੱਘ ਸੀ। ਮੇਰੇ ਵਾਸਤੇ ਇਹ ਗਲ ਬੜੇ ਮਾਣ ਵਾਲੀ ਹੈ ਕਿ ਮੈਂ ਉਸ ਦੀ ਸੁਚੀ ਭਾਵਨਾਂ ਨੂੰ ਬਹੁਤ ਹੀ ਨੇੜਿਓ ਹੋ ਕੇ ਮਹਿਸੂਸਿਆ ਹੈ। ਕਾਮਰੇਡ ਬਾਸੀ ਸਦਾ ਹੀ ਕੈਨੇਡੇ ਜਾਂ ਅਮਰੀਕਾ ਦੀ ਧਰਤੀ ਤੇ ਅਗਾਂਹਵਧੂ ਵਿਚਾਰਾਂ ਦੇ ਧਾਰਨੀਆਂ ਦੀ ਭਾਲ ਕਰਦਾ ਰਹਿੰਦਾ ਅਤੇ ਸਭ ਦੀਆਂ ਭਾਵਨਾਵਾਂ ਦਾ ਹਾਣੀ ਬਣਕੇ ਸਮਾਜਵਾਦੀ ਸੰਗਰਾਮ ਦੇ ਕਾਫਲੇ ਦਾ ਰਾਹੀ ਬਣਾ ਲੈਂਦਾ ਸੀ।

ਸਾਥੀ ਪਿਆਰਾ ਸਿੰਘ ਬਾਸੀ ਨੇ ਮਿਹਨਤਕਸ਼ਾਂ ਦੇ ਘੋਲ ਦੀ ਨਿਰੀ ਸੁਖ ਹੀ ਨਹੀਂ ਮੰਗੀ ਬਲਕਿ ਆਪਣੇ ਪ੍ਰਵਾਰ ਸਮੇਤ ਨਿੱਡਰ ਪਹਿਰੂ ਬਣਕੇ ਰਾਖੀ ਭੀ ਕੀਤੀ ਹੈ। ਕਾਮਰੇਡ ਬਾਸੀ ਸਾਮਰਾਜ ਦੀ ਹਿਕ ਉਤੇ ਸਮਾਜਵਾਦੀ ਪਾਰਟੀ ਦੇ ਬਾਗ ਦਾ ਅਤੇ ਮੁਖ ਤੌਰ ਤੇ ਭਾਰਤੀ ਮੂਲ ਦੀ ਫੁਲਵਾੜੀ ਦਾ ਪ੍ਰਥਮ ਮਾਲੀ ਸੀ। ਉਹ ਵੱਖਵਾਦੀ ਅਤਿਵਾਦੀ ਅਤੇ ਜ਼ਿਹਨੀ ਇਯਾਸ਼ੀ ਕਰਨ ਵਾਲੇ ਅਖੌਤੀ ਇਨਕਲਾਬੀਆਂ ਦੀਆਂ ਅੱਖਾਂ ਵਿਚ ਸਦਾ ਹੀ ਕੰਡਾ ਬਣ ਕੇ ਰੜਕਦਾ ਰਿਹਾ। ਕਾਮਰੇਡ ਭਾਵੇਂ ਵਰਿਆਮ ਜੱਟਾਂ ਦੇ ਘਰ ਜਨਮਿਆ ਸੀ ਪਰ ਉਸ ਨੇ ਆਪਣੇ ਅੰਦਰਲੇ ਅਥਰੇ ਜੱਟ ਨੂੰ ਸਮਾਜਵਾਦੀ ਵਿਚਾਰਧਾਰਾ ਦਾ ਨਿਰਮਾਣ ਮੁਤਲਾਸ਼ੀ ਬਣਕੇ ਜੀਉਣ ਦੀ ਜਾਚ ਸਿਖਾ ਲਈ ਸੀ।

ਕਾਮਰੇਡ ਬਾਸੀ ਜ਼ਿਦੀ ਬੀਮਾਰ ਸੋਚਾਂ ਦੀ ਬੋਦੀਆਂ, ਗਲੀਆਂ ਸੜੀਆਂ ਰਸਮਾਂ ਰਿਵਾਜਾਂ ਦਾ ਕੱਟੜ ਵਿਰੋਧੀ ਸੀ ਕਿਉਂਕਿ ਡੁਬਦੇ ਸੂਰਜ ਦੀ ਲਾਲੀ ਅਤੇ ਸੋਨ ਸੁਚੀਆਂ ਸਰਘੀਆਂ ਦੀ ਲਾਲੀ ਦੇ ਅੰਤਰ ਦਾ ਵਿਗਿਆਨਕ ਸੱਚ ਉਸ ਦੀ ਜੀਵਨ ਜਾਚ ਦਾ ਮਾਣ ਮੱਤਾ ਆਦਰਸ਼ ਸੀ। ਨਵੀਆਂ ਡੰਡੀਆਂ ਦੇ ਨਕਸ਼ ਉਲੀਕਣ ਵਾਲੇ ਸੂਰਮਿਆਂ ਦਾ ਉਹ ਵਫਾਦਾਰ ਸਿਪਾਹੀ ਸੀ ਜਿਸ ਨੂੰ ਜਨੂੰਨੀ ਹੋਣੀਆਂ ਭੀ ਸਮਾਜਵਾਦੀ ਮੰਜ਼ਲ ਦੇ ਕਾਫਲੇ ਵਿਚੋਂ ਭਟਕਾ ਨਾ ਸਕੀਆਂ ਸਗੋਂ ਆਪਦੇ ਸਾਥੀਆਂ ਸੰਗ ਰਲਕੇ ਮਨੁਖਤਾ ਦੇ ਕਾਤਲਾਂ ਦੇ ਹਰ ਚੈਂਲਜ ਨੂੰ ਖਿੜੇ ਮੱਥੇ ਕਬੂਲਦਾ ਰਿਹਾ। ਆਖੀਰ ਲੋਕ ਸ਼ਕਤੀ ਨੂੰ ਹੁੰਗਾਰੇ ਭਰਦਾ ਭਰਦਾ ਸਦਾ ਦੀ ਨੀਂਦਰੇ ਸੌਂ ਗਿਆ। ਸਾਡੀ ਪਾਰਟੀ ਇਸ ਜ਼ਖਮ ਦੀ ਪੀੜ ਨੂੰ ਤਾਂ ਜਰ ਹੀ ਜਾਵੇਗੀ ਪਰ ਜ਼ਖਮ ਦਾ ਨਿਸ਼ਾਨ ਪਤਾ ਨਹੀਂ ਕਦੋਂ ਮਿਟੇਗਾ? ਕਾਮਰੇਡ ਬਾਸੀ ਦੀ ਪਾਰਟੀ ਨੂੰ ਦੇਣ ਮੇਰੇ ਵਾਸਤੇ ਸਦਾ ਪ੍ਰੇਰਨਾ ਦਾ ਸਰੋਤ ਬਣਕੇ ਜੀਵਨ ਸਫਲਾ ਕਰਨ ਦੀ ਜਾਚ ਦਾ ਨਰੋਆ ਅੰਗ ਬਣੀ ਰਹੇਗੀ। ਆਮੀਨ!

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉੱਪਰ ਹੈ
ਇਨਸਾਨ ਬਣੋ


蔡龍昆西醫

DR. L. K. CHUA M.D.

*FAMILY PHYSICIAN*

Phone: 324-3511
24 Hours

# ਨਵਾਂ ਸਾਲ ਮੁਬਾਰਕ!

#207 - 190 East 48th Ave.,
(Corner of Main St.)
Vancouver, B.C. V5W 2C8

# ਮੇਰੇ ਮਰਹੂਮ ਕਾ: ਪਿਆਰਾ ਸਿੰਘ ਬਾਸੀ ਨਾਲ ਸੰਬੰਧ

**ਸੂਫ਼ੀ ਅਮਰਜੀਤ**

ਕਾਮਰੇਡ ਪਿਆਰਾ ਸਿੰਘ ਬਾਸੀ ਸਾਡੇ ਵਿਚ ਨਹੀਂ ਰਹੇ ਹਨ। ਪਰ ਉਨ੍ਹਾਂ ਦੀਆਂ ਯਾਦਾਂ, ਉਨ੍ਹਾਂ ਸਭਨਾਂ ਦੇ ਮਨਾਂ ਵਿਚ ਜਿੰਦਾ ਹਨ ਜਿਨ੍ਹਾਂ ਨਾਲ ਉਨ੍ਹਾਂ ਦੇ ਸੰਬੰਧ ਰਹੇ ਹਨ। ਇਹ ਸੰਬੰਧ ਪਰਿਵਾਰਕ, ਨਿੱਜੀ, ਸਮਾਜਕ ਅਤੇ ਰਾਜਨੀਤਕ ਸਨ। ਜਿੰਨਾ ਵੀ ਕਿਸੇ ਵਿਅਕਤੀ ਦੇ ਨੇੜੇ ਕੰਮ ਕਰਨ ਦਾ ਮੌਕਾ ਮਿਲਦਾ ਹੈ, ਉਸ ਨਾਲ ਉਸ ਦੇ ਸੁਭਾਅ, ਉਸ ਦੀਆਂ ਰੁਚੀਆਂ, ਉਸ ਦੀਆਂ ਭਾਵਨਾਵਾਂ ਅਤੇ ਉਸਦੇ ਵਿਚਾਰਾਂ ਦਾ ਪਤਾ ਲਗਦਾ ਹੈ। ਇਹ ਸੰਬੰਧ ਹਰ ਇਕ ਵਿਅਕਤੀ ਦੇ ਵੱਖੋ ਵੱਖ ਪੱਧਰ ਦੇ ਅਤੇ ਵੱਖੋ ਵੱਖ ਸਮਿਆਂ ਵਿਚ ਵਿਕਸਤ ਹੁੰਦੇ ਹਨ। ਇਸ ਲਈ ਇਨ੍ਹਾਂ ਸੰਬੰਧਾਂ ਦਾ ਸਾਰਿਆਂ ਉਪਰ ਪ੍ਰਭਾਵ ਵੱਖੋ ਵੱਖ ਹੀ ਹੁੰਦਾ ਹੈ।

ਮੇਰੇ ਕਾ: ਪਿਆਰਾ ਸਿੰਘ ਬਾਸੀ ਨਾਲ 1974 ਦੇ ਸ਼ਾਇਦ ਅਪ੍ਰੈਲ ਜਾਂ ਮਈ ਤੋਂ ਸੰਬੰਧ ਬਣੇ। ਮੈਂ ਉਸ ਨਾਲ ਭਾਰਤ ਗਿਆ ਸਾਂ ਇਹ ਵੀ ਭਾਰਤ ਗਏ ਸਨ ਪਰ ਅਸੀਂ ਇਕ ਦੂਜੇ ਨੂੰ ਮਿਲੇ ਨਹੀਂ ਸਾਂ। ਮੈਂ ਵਾਪਸ ਕੈਨੇਡਾ ਆਉਣ ਸਮੇਂ 16 ਮਾਰਚ 1974 ਨੂੰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੂੰ ਦਿੱਲੀ ਪਾਰਟੀ ਦਫਤਰ ਵਿਚ ਮਿਲਿਆ। ਕੈਨੇਡਾ ਬਾਰੇ ਗੱਲਾਂਬਾਤਾਂ ਹੋਈਆਂ। ਮੈਂ ਆਪਣੀ ਇੱਛਾ ਏਧਰ ਕਿਸੇ ਰਸਾਲੇ ਦੇ ਕੱਢਣ ਸੰਬੰਧੀ ਪ੍ਰਗਟਾਈ ਤਾਂ ਉਨ੍ਹਾਂ ਕਿਹਾ ਇਹ ਬੜਾ ਔਖਾ ਕੰਮ ਹੈ। ਮੈਂ ਚਾਹੁੰਦਾ ਸੀ ਕਿ ਇਹੋ ਜਿਹਾ ਰਸਾਲਾ ਹੋਵੇ ਜਿਸ ਵਿਚ ਸੀ ਪੀ ਆਈ (ਮ) ਅਤੇ ਹੋਰ ਅਗੇ ਵਧੂ ਵਿਚਾਰਾਂ ਦਾ ਪਰਚਾਰ ਹੋਵੇ। ਕਾ: ਸੁਰਜੀਤ ਨੇ ਮੈਨੂੰ ਉਸ ਸਮੇਂ ਪਿਆਰਾ ਸਿੰਘ ਬਾਸੀ ਦਾ ਐਡਰੈਸ ਦਿੱਤਾ ਇਹ ਉਸ ਸਮੇਂ ਇੰਡੀਆ ਹੀ ਗਏ ਹੋਏ ਸਨ। ਜਦੋਂ ਇਹ ਉਨ੍ਹਾਂ ਨੂੰ ਮਿਲੇ ਤਾਂ ਕਾ: ਸੁਰਜੀਤ ਨੇ ਮੇਰਾ ਐਡਰੈਸ ਅਤੇ ਫੂਨ ਕਾ: ਬਾਸੀ ਨੂੰ ਦਿੱਤਾ। ਏਧਰ ਆਉਣ ਉਪਰ ਇਨ੍ਹਾਂ ਮੈਨੂੰ ਫੋਨ ਕੀਤਾ ਅਤੇ ਅਸੀਂ ਉਸ ਤੋਂ ਪਿਛੋਂ ਮਿਲੇ।

ਉਸ ਤੋਂ ਪਿਛੋਂ ਅਸੀਂ ਕੈਨੇਡਾ ਵਿਚ ਚਾਰੂ ਮੌਜਮਦਾਰ ਨਕਸਲੀਆਂ ਦੀ ਚੜ੍ਹੀ ਹੋਈ ਗੁੱਡੀ ਬਾਰੇ ਵਿਚਾਰਾਂ ਕੀਤੀਆਂ। ਮੇਰਾ ਵਿਚਾਰ ਉਨ੍ਹਾਂ ਨਾਲ ਜਾਂ ਉਨ੍ਹਾਂ ਵਿਚ ਮਿਲਣ ਦਾ ਉਕਾ ਹੀ ਨਹੀਂ ਸੀ। ਬਾਸੀ ਹੋਰੀ ਇਸ ਗੱਲ ਨਾਲ ਸਹਿਮਤ ਸਨ। ਪਰ ਇਹ ਨਿਖੇੜਾ ਤਾਂ ਸਰਗਰਮੀ ਨਾਲ ਹੀ ਕੀਤਾ ਜਾ ਸਕਦਾ ਸੀ ਅਸੀਂ ਪਰਚਾ ਕੱਢਣ ਦੀਆਂ ਸੰਭਾਵਨਾਵਾਂ ਬਾਰੇ ਸੋਚਣ ਲੱਗੇ।

1975 ਵਿਚ ਭਾਰਤ ਵਿਚ ਕਾਂਗਰਸ ਸਰਕਾਰ ਨੇ ਐਮਰਜੈਂਸੀ ਲਾ ਕੇ ਸਾਰੇ ਦੇਸ਼ ਨੂੰ ਜੇਲਖਾਨਾ ਬਣਾ ਦਿੱਤਾ ਸੀ। ਇਥੇ ਉਸ ਦੇ ਵਿਰੋਧ ਲਈ ਅਸੀਂ ਕਮਿਊਨਿਟੀ ਦੇ ਕੁਝ ਵਿਅਕਤੀਆਂ ਨਾਲ ਮਿਲਕੇ ਇਸ ਦੇ ਵਿਰੁੱਧ ਕੀਤੇ ਜਾ ਰਹੇ ਮੁਜ਼ਾਹਰਿਆਂ ਅਤੇ ਜਲਸਿਆਂ ਵਿਚ ਭਾਗ ਲਿਆ। ਅਸੀਂ ਇਸ ਸਮੇਂ ਪਰਚਾ ਕੱਢਣਾ ਸਮੇਂ ਦੀ ਲੋੜ ਸਮਝੀ। ਸੋ ਅਕਤੂਬਰ 1976 ਵਿਚ ਲੋਕਤਾ ਦਾ ਪਹਿਲਾ ਪਰਚਾ ਕੱਢਿਆ ਗਿਆ। ਇਸ ਅਤੇ ਅਗਲੇ ਪਰਚੇ ਨੂੰ ਛਾਪਣ ਦੀ ਮਾਇਕ ਸਹਾਇਤਾ ਕਾ: ਬਾਸੀ ਨੇ ਕੀਤੀ। ਤੀਜੇ ਚੌਥੇ ਪਰਚੇ ਤੱਕ ਪਰਚਾ ਆਪਣੇ ਪੈਰਾਂ ਉਪਰ ਖੜਾ ਹੋ ਗਿਆ।

ਲੋਕਤਾ ਕੱਢਣ ਨਾਲ ਸਾਨੂੰ ਹੋਰ ਕਈ ਅਜਿਹੇ ਸਾਥੀ ਮਿਲੇ ਜੋ ਭਾਰਤ ਵਿਚ ਕਮਿਊਨਿਸਟ ਲਹਿਰ ਨਾਲ ਸੰਬੰਧਿਤ ਸਨ। ਇਨ੍ਹਾਂ ਨਵੇਂ ਸਾਥੀਆਂ ਦੇ ਸਹਿਯੋਗ ਨੇ ਸਾਨੂੰ ਈਸਟ ਇੰਡੀਅਨ ਵਰਕਰਜ਼ ਐਸੋ: ਆਫਿ ਕੈਨੇਡਾ ਦੀ ਸਥਾਪਨਾ ਕਰਨ ਲਈ ਉਤਸ਼ਾਹਤ ਕੀਤਾ। ਇਸ ਤਰ੍ਹਾਂ 1977 ਦੇ ਅਕਤੂਬਰ ਵਿਚ ਈ: ਇੰ: ਵਰ: ਐਸੋ: ਦੀ ਸਥਾਪਨਾ ਕੀਤੀ ਜਾ ਸਕੀ। ਜਿਸਨੇ ਸਾਡੀ ਆਪਣੀ ਕਮਿਊਨਿਟੀ ਵਿਚ, ਮਿਊਂਸਪਲ, ਬੀ ਸੀ ਅਤੇ ਫੈਡਰਲ ਰਾਜਨੀਤੀ ਸੰਬੰਧੀ ਲੋਕਾਂ ਨੂੰ ਜਾਣੂੰ ਕਰਵਾਉਣ ਲਈ ਆਪਣੀ ਸ਼ਕਤੀ ਅਨੁਸਾਰ ਕੰਮ ਕੀਤਾ ਲੋਕਾਂ ਦੇ ਮਸਲਿਆਂ ਨੂੰ ਉਠਾਇਆ।

ਉਨ੍ਹਾਂ ਦੇ ਮਨ ਦੀ ਇਹ ਪਰਬਲ ਇਛਾ ਸੀ ਕਿ ਕਮਿਊਨਿਟੀ ਮਸਲਿਆਂ ਉਪਰ ਵਧ ਚੜ੍ਹ ਕੇ ਕੰਮ ਕੀਤਾ ਜਾਵੇ ਪ੍ਰੰਤੂ ਕਈ ਕਾਰਨ ਕਰਕੇ ਉਨਾ ਕੰਮ ਕੀਤਾ ਨਾ ਜਾ ਸਕਿਆ ਜਿੰਨਾ ਕਿ ਉਹ ਕਰਨਾ ਚਾਹੁੰਦੇ ਸਨ। ਉਹ ਭਾਰਤ ਤੋਂ ਆਏ ਹਰ ਉਸ ਨਵੇਂ ਵਿਅਕਤੀ ਨਾਲ ਸੰਪਰਕ ਕਰਨਾ ਚਾਹੁੰਦੇ ਸਨ ਜੋ ਵੀ ਉਥੇ ਅਗੇ ਵਧੂ ਲਹਿਰ ਵਿਚ ਕੰਮ ਕਰਦਾ ਆਇਆ ਹੋਵੇ।

ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿਚ ਦੀ ਵੱਖਵਾਦੀ ਲਹਿਰ ਦੇ ਕੈਨੇਡਾ ਵਿਚ ਦੇ ਸਮਰਥਕਾਂ ਦੇ ਵਿਚਾਰਾਂ ਵਿਰੁਧ ਜਦੋਂ ਵੀ ਐਸੋਸੀਏਸ਼ਨ ਵਲੋਂ ਵੱਡੀਆਂ ਜਾਂ ਛੋਟੀਆਂ ਮੀਟਿੰਗਾਂ ਕੀਤੀਆਂ ਜਾਂਦੀਆਂ ਉਹ ਸਦਾ ਹੀ ਇਸ ਦੇ ਪੱਖ ਵਿਚ ਡਟਦੇ। ਬੇਸ਼ਕ ਉਨ੍ਹਾਂ ਦਾ ਆਪ ਲਿਖਣ ਜਾਂ ਇਕੱਠ ਵਿਚ ਭਾਸ਼ਨ ਦੇਣ ਦਾ ਅਭਿਆਸ ਨਹੀਂ ਸੀ ਪਰ ਉਹ ਸਦਾ ਹੀ ਚੰਗੇ ਬੁਲਾਰਿਆਂ ਅਤੇ ਲੇਖਕਾਂ ਦੀ ਪ੍ਰਸ਼ੰਸਾ ਕਰਦੇ। ਉਹ ਧਮਕੀਆਂ ਮਿਲਣ ਉਪਰ ਵੀ ਕਦੀ ਫਿਰਕੂ ਜਨੂੰਨੀਆਂ ਤੋਂ ਨਹੀਂ ਡਰੇ ਸਨ। ਉਹ ਭਾਰਤ ਦੀ ਏਕਤਾ ਅਤੇ ਅਖੰਡਤਾ ਦੇ ਪੱਕੇ ਸਮਰਥਕ ਸਨ। ਉਹ ਚਾਹੁੰਦੇ ਸਨ ਕਿ ਮਿਹਨਤੀ ਲੋਕਾਂ ਵਿਚ ਸਦਭਾਵਨਾ ਵਧੇ ਫੁਲੇ ਤਾਂ ਜੋ ਉਹ ਲੁਟੇਰੀਆਂ ਜਮਾਤਾਂ ਅਤੇ ਫਿਰਕੂ ਜਨੂੰਨੀਆਂ ਦਾ ਟਾਕਰਾ ਕਰ ਸਕਣ।

ਪਿਛਲੇ ਕਈ ਸਾਲਾਂ ਤੋਂ ਉਨ੍ਹਾਂ ਦੀ ਸਿਹਤ ਵਿਚ ਕਈ ਨੁਕਸ ਪੈਦਾ ਹੋ ਗਏ ਸਨ। ਪਹਿਲਾਂ ਹਾਈ ਬਲੱਡ ਪ੍ਰੈਸ਼ਰ, ਫਿਰ ਸ਼ੂਗਰ ਅਤੇ ਮਿਹਦੇ ਦਾ ਅਲਸਰ ਹੋ ਗਿਆ ਸੀ ਜਿਸ ਨੂੰ ਉਨ੍ਹਾਂ ਕੰਟਰੋਲ ਕੀਤਾ ਹੋਇਆ ਸੀ ਪਰ ਉਨ੍ਹਾਂ ਨੂੰ ਦਿਲ ਦੇ ਰੋਗ ਦੀ ਬੀਮਾਰੀ ਵੀ ਲੱਗ ਗਈ ਜਿਸ ਸੰਬੰਧੀ ਉਹ ਕਦੇ ਵੀ ਚਿੰਤਾਵਾਨ ਨਹੀਂ ਹੋਏ ਸਨ ਜਾਂ ਉਨ੍ਹਾਂ ਕਦੇ ਇਹ ਜ਼ਾਹਰ ਨਹੀਂ ਹੋਣ ਦਿੱਤਾ ਸੀ ਕਿ ਇਸ ਰੋਗ ਦੇ ਕਾਰਨ ਉਹ ਡਰਦੇ ਹਨ। ਪਰ ਉਨ੍ਹਾਂ ਬੜੇ ਹੀ ਧਿਆਨ ਨਾਲ ਇਸ ਦਾ ਇਲਾਜ ਕਰਵਾਇਆ ਪਰ ਡਾਕਟਰ ਉਨ੍ਹਾਂ ਦੀ ਬਾਈ-ਪਾਸ ਸਰਜਰੀ ਨਾ ਕਰ ਸਕੇ ਕਿਉਂਕਿ ਬੀ. ਸੀ. ਸਰਕਾਰ ਵਲੋਂ ਡਾਕਟਰੀ ਸਹਾਇਤਾ ਵਿਚ ਵੱਡੀਆਂ ਕਟੌਤੀਆਂ ਕਰ ਦਿੱਤੀਆਂ ਗਈਆਂ ਹਨ ਕਿ ਮਰੀਜ਼ ਨੂੰ ਦੁਆਈਆਂ ਦੇ ਨਾਲ ਹੀ ਸਾਰਿਆ ਜਾਵੇ, ਜਿਸ ਦਾ ਸਿੱਟਾ ਲੋਕਾਂ ਦੀਆਂ ਕੀਮਤੀ ਜਾਨਾਂ ਅਜਾਈਂ ਜਾ ਰਹੀਆਂ ਹਨ। ਕਾ: ਬਾਸੀ ਬੀ ਸੀ ਦੀ ਲੋਕ ਵਿਰੋਧੀ ਸਰਕਾਰ ਦੀ ਏਸੇ ਨੀਤੀ ਦੇ ਸ਼ਿਕਾਰ ਹੋਏ ਹਨ।

ਹਰ ਬੰਦੇ ਵਿਚ ਹੀ ਕਈ ਤਰ੍ਹਾਂ ਦੀਆਂ ਘਾਟਾਂ ਵੀ ਹੁੰਦੀਆਂ ਹਨ। ਇਕ ਮਨੁੱਖ ਦੇ ਨਾਤੇ ਜੋ ਉਹ ਬਾਸੀ ਦੇ ਸੁਭਾਅ ਵਿਚ ਸਨ, ਉਨ੍ਹਾਂ ਨੇ ਕਦੇ ਵੀ ਸਾਥੀਆਂ ਨਾਲ ਮਤਭੇਦ ਹੋ ਜਾਣ ਉਤੇ ਵੀ ਸੰਬੰਧਾਂ ਉਪਰ ਬਹੁਤਾ ਅਸਰ ਅੰਦਾਜ਼ ਨਹੀਂ ਹੋਣ ਦਿੱਤਾ ਸੀ। ਉਹ ਹਮੇਸ਼ਾਂ ਹੀ ਬਹਿਸ ਵਿਚ ਕੌੜੇ ਫਿੱਕੇ ਹੋਣ ਨੂੰ ਯਾਦ ਨਹੀਂ ਰੱਖਦੇ ਸਨ। ਇਸ ਦਾ ਕਾਰਨ ਸੀ ਕਿ ਉਹ ਸਾਥੀਆਂ ਦੇ ਘੇਰੇ ਨੂੰ ਛੋਟਾ ਨਹੀਂ ਹੋਣ ਦੇਣਾ ਚਾਹੁੰਦੇ ਸਨ। ਉਹ ਮਾਰਕਸਵਾਦੀ ਪਾਰਟੀ ਦੇ ਪੂਰੇ ਵਫਾਦਾਰ ਸਿਪਾਹੀ ਸਨ। ਉਹ ਪਾਰਟੀ ਲਈ ਘਾਤਕ ਕੰਮਾਂ ਜਾਂ ਵਿਚਾਰਾਂ ਨੂੰ ਸਹਾਰ ਨਹੀਂ ਸਕਦੇ ਸਨ ਉਨ੍ਹਾਂ ਦੀ ਇਹ ਰੁਚੀ ਕਈ ਵਾਰ ਕੁਝ ਬਹੁਤੀ ਹੀ ਸੰਕੀਰਨ ਵੀ ਹੋ ਜਾਂਦੀ ਸੀ, ਪਰ ਉਹ ਜਦੋਂ ਵੀ ਇਸਦਾ ਅਹਿਸਾਸ ਕਰਦੇ ਸਨ ਤਾਂ ਗਲਤੀ ਮੰਨ ਵੀ ਲੈਂਦੇ ਸਨ।

ਜਿਨ੍ਹਾਂ ਦਾ ਕਾ: ਬਾਸੀ ਨਾਲ ਨੇੜੇ ਦਾ ਸੰਬੰਧ ਰਿਹਾ ਹੈ ਉਹ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਸੋ ਹਰ ਇਕ ਨੂੰ ਆਪਣੇ ਤਜਰਬੇ ਤੋਂ ਅਤੇ ਬਾਸੀ ਹੋਰਾਂ ਦੇ ਜੀਵਨ ਤੋਂ, ਜਿਸ ਨੂੰ ਕਿਸੇ ਨੇ ਜਿਸ ਵੀ ਨੁਕਤੇ ਤੋਂ ਦੇਖਿਆ ਹੈ, ਅਨੁਸਾਰ ਆਪਣੇ ਜੀਵਨ ਲਈ ਸਬਕ ਸਿੱਖਣਾ ਚਾਹੀਦਾ ਹੈ।

ਮੇਰੇ ਲਈ ਉਨ੍ਹਾਂ ਦੇ ਜੀਵਨ ਦੇ ਮੁਖ ਨੁਕਤੇ ਇਹ ਹਨ (1) ਪਾਰਟੀ ਪ੍ਰਤੀ ਅਤੇ ਮਜ਼ਦੂਰ ਜਮਾਤ ਪ੍ਰਤੀ ਪ੍ਰਤੀਬੱਧਤਾ (2) ਸਾਥੀਆਂ ਨਾਲ ਸਹਿਯੋਗ ਅਤੇ ਵਿਸ਼ਵਾਸ਼ ਨਾਲ ਕੰਮ ਕਰਨਾ (3) ਭਾਰਤ ਦੀ ਏਕਤਾ-ਅਖੰਡਤਾ ਲਈ ਦ੍ਰਿੜਤਾ (4) ਧਰਮ ਨਿਰਪੱਖਤਾ ਨੂੰ ਅਮਲ ਵਿਚ ਲਿਆਉਣਾ (5) ਕੈਨੇਡਾ ਵਿਚ ਲੋਕਾਂ ਦੇ ਹਿੱਤਾਂ ਲਈ ਸਘਰਸ਼ ਕਰ ਰਹੀਆਂ ਸ਼ਕਤੀਆਂ ਨਾਲ ਸਹਿਯੋਗ ਕਰਨਾ (6) ਸਿਹਤ ਸੰਬੰਧੀ ਵਿਸ਼ੇਸ਼ ਧਿਆਨ ਦੇਣ ਇਸ ਸੰਬੰਧੀ ਕੁਤਾਹੀ ਮਾੜੇ ਤਰੀਕੇ ਕੱਢ ਸਕਦੀ ਹੈ। ਅੰਤ ਵਿਚ ਆਪਣੇ ਵੱਲੋਂ ਅਤੇ ਪਰਵਾਰ ਵਲੋਂ ਕਾ: ਪਿਆਰਾ ਸਿੰਘ ਬਾਸੀ ਨੂੰ ਦਿਲੋਂ ਸ਼ਰਧਾਂਜਲੀ ਭੇਟ ਕਰਦਾ ਹਾਂ ਅਤੇ ਪਾਰਟੀ ਦਾ ਵਫਾਦਾਰ ਰਹਿਣ ਲਈ ਪ੍ਰਣ ਕਰਦਾ ਹਾਂ।

# ਸਾਥੀ ਵਿਛੜ ਗਿਆ

**ਸੁਰਿੰਦਰ ਸੰਘਾ**

ਸਾਥੀ ਪਿਆਰਾ ਸਿੰਘ ਬਾਸੀ 30 ਨਵੰਬਰ 1988 ਨੂੰ ਦਿਲ ਦੀ ਧੜਕਣ ਬੰਦ ਹੋਣ ਕਾਰਨ ਸਾਥੋਂ ਸਦਾ ਲਈ ਵਿਛੜ ਗਏ ਹਨ। ਉਹ 50 ਸਾਲ ਦੀ ਉਮਰ ਦੇ ਹੀ ਸਨ ਅਤੇ ਪਿਛੇ ਪਤਨੀ ਬੀਬੀ ਸ਼ਵਿੰਦਰ ਲੜਕੇ ਬਲਜੀਤ ਅਤੇ ਨਵਤੇਜ ਨੂੰ ਛੱਡ ਗਏ ਹਨ। ਉਹਨਾਂ ਦੇ ਇਸ ਅਤਿ ਦੁਖਦਾਈ ਵਿਛੋੜੇ ਨਾਲ ਉਹਨਾਂ ਦਾ ਪਰਿਵਾਰ, ਸਾਥੀ ਅਤੇ ਮਿੱਤਰ ਸਭ ਬਹੁਤ ਹੀ ਘਾਟ ਮਹਿਸੂਸ ਕਰ ਰਹੇ ਹਨ ਅਤੇ ਉਹਨਾਂ ਦੀ ਯਾਦ ਹਮੇਸ਼ਾਂ ਹੀ ਆਉਂਦੀ ਰਹੇਗੀ [illegible] ਪਹਿਲਾਂ ਤੋਂ ਹੀ ਲੋਕਾਂ ਦੇ ਦੁਖਾਂ ਦੀ ਪੀੜ ਸਮਝਣ ਵਾਲੇ ਸਨ ਜਿਵੇਂ ਕਿ ਆਪਦੇ ਵੱਡੇ ਭਾਈ ਕਰਨੈਲ ਬਾਸੀ ਨਾਲ ਗੱਲਾਂਬਾਤਾਂ ਤੋਂ ਭੀ ਪਤਾ ਲਗਾ ਕਿ 1956 ਤੋਂ ਹੀ ਆਪ ਕਮਿਊਨਿਸਟ ਪਾਰਟੀ ਨਾਲ ਸੰਬੰਧਤ ਰਹੇ। ਜਦੋਂ 1962 ਵਿਚ ਆਪ ਇੰਗਲੈਂਡ ਆਏ ਤਾਂ ਉਥੇ ਇੰਡੀਅਨ ਵਰਕਰਜ਼ ਐਸੋ: ਅਤੇ ਪਾਰਟੀ ਦੀ ਇਕਾਈ ਵਿਚ ਕਾਫੀ ਸਰਗਰਮੀ ਅਤੇ ਲਗਨ ਨਾਲ ਕੰਮ ਕਰਦੇ ਰਹੇ। ਨਸਲਵਾਦ, ਬੇਰੁਜ਼ਗਾਰੀ, ਆਵਾਸੀਆਂ ਨੂੰ ਆਉਂਦੀਆਂ ਮੁਸ਼ਕਲਾਂ ਅਤੇ ਹੋਰ ਅੰਤਰ ਰਾਸ਼ਟਰੀ ਮਸਲਿਆਂ ਤੇ ਚਲ ਰਹੇ ਘੋਲਾਂ ਵਿਚ ਹਿਸਾ ਪਾਉਂਦੇ ਰਹੇ।

1968 ਵਿਚ ਜਦੋਂ ਕੈਨੇਡਾ ਆਏ ਤਾਂ ਇਥੇ ਭੀ ਆਪਦੇ ਮਨ ਵਿਚ ਇੰਗਲੈਂਡ ਦੇ ਪੈਟਰਨ ਅਨੁਸਾਰ ਇੰਡੀਅਨ ਵਰਕਰਜ਼ ਐਸੋ: ਉਸਾਰਨ ਬਾਰੇ ਤਾਂਘ ਸੀ। 1974 ਵਿਚ ਜਦੋਂ ਆਪ ਇੰਡੀਆ ਗਏ ਤਾਂ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਹੁਰਾਂ ਨੇ ਭੀ ਇਹਨਾਂ ਨੂੰ ਇਹ ਹੀ ਕਿਹਾ ਕਿ ਇੰਗਲੈਂਡ ਵਾਂਗ ਹੀ ਕੈਨੇਡਾ ਭੀ ਜਥੇਬੰਦੀ ਉਸਾਰੋ ਜੋ ਜਿਥੇ ਲੋਕਾਂ ਨੂੰ ਕੈਨੇਡਾ ਦੀਆਂ ਸਮੱਸਿਆਵਾਂ ਬਾਰੇ ਲਾਮਬੰਦ ਕਰੇ ਅਤੇ ਨਾਲ ਹੀ ਭਾਰਤ ਦੀ ਅਗਾਂਹਵਧੂ ਲਹਿਰ ਦਾ ਭੀ ਪਰਚਾਰ ਕਰੇ। ਆਪਨੇ ਆਪਣੇ ਲਗਾਤਾਰ ਯਤਨਾਂ ਰਾਹੀਂ ਸੂਫੀ ਹੁਰਾਂ ਨਾਲ ਮਿਲਕੇ 1976 ਵਿਚ ਮਾਸਿਕ ਲੋਕਤਾ ਕੱਢਿਆ ਅਤੇ ਜਿਸ ਦੀ ਕਿ ਮੁਸ਼ਕਲਾਂ ਸਮੇਂ ਆਪ ਮਾਇਕ ਸਹਾਇਤਾ ਭੀ ਕਰਦੇ ਰਹੇ ਅਤੇ 1977 ਵਿਚ ਇਹਨਾਂ ਹੋਰ ਸਾਥੀਆਂ ਨਾਲ ਮਿਲਕੇ ਇੰਡੀਅਨ ਵਰਕਰਜ਼ ਐਸੋ: ਦੀ ਨੀਂਹ ਰੱਖੀ ਜਿਸਦੇ ਕਿ ਆਪ ਪਹਿਲੇ ਸਕੱਤਰ ਬਣੇ। ਇਥੇ ਰਹਿੰਦੇ ਪਾਰਟੀ ਸਾਥੀਆਂ ਅਤੇ ਹਮਦਰਦਾਂ ਨੂੰ ਇਕੱਠੇ ਕਰਨ ਵਿਚ ਆਪ ਪੂਰਾ ਰੋਲ ਅਦਾ ਕਰਦੇ ਰਹੇ ਅਤੇ ਨਵੇਂ ਆਏ ਸਾਥੀਆਂ ਦੀ ਭਾਲ ਵਿਚ ਰਹਿੰਦੇ ਆਪਦੀ ਪਤਨੀ ਨੇ ਪੂਰਾ ਸਾਥ ਦਿੱਤਾ।

ਮੇਰਾ ਉਹਨਾਂ ਨਾਲ ਮਿਲਾਪ ਪਿਛਲੇ ਦਸ ਸਾਲਾਂ ਤੋਂ ਹੋਇਆ ਅਤੇ ਲਗਾਤਾਰ ਹਰ ਮੁਹਿਮ ਅਤੇ ਹੋਰ ਕੰਮਾਂ ਵਿਚ ਮਿਲਕੇ ਚਲਦੇ ਰਹੇ। ਮੇਰੇ ਆਪਣੇ ਤਜਰਬੇ ਅਨੁਸਾਰ ਸਾਥੀ ਬਾਸੀ ਨਿਡਰ, ਮਿਹਨਤੀ, ਅਡੋਲ ਅਤੇ ਮਿਲਣਸਾਰ ਸਾਥੀ ਸੀ। ਸਾਰੇ ਸਾਥੀਆਂ ਨੂੰ ਪਰਿਵਾਰ ਵਾਂਗ ਹੀ ਸਮਝਦਾ ਸੀ। ਜੇਕਰ ਕਦੇ ਮੀਟਿੰਗ ਵਿਚ ਵਿਚਾਰ ਕਰਨੀ ਕਿ ਫੰਡ ਦੀ ਮੁਹਿਮ ਜਾਂ ਹੋਰ ਕੰਮਾਂ ਲਈ ਲਿਸਟਾਂ ਬਨਾਉਣ ਲਈ ਨਾਮ ਲਿਖਾਉਣ ਲਈ ਕਹਿਣਾ ਤਾਂ ਸਾਥੀ ਬਾਸੀ ਦਾ ਇਕ ਹੀ ਉਤਰ ਹੁੰਦਾ ਸੀ ਕਿ "ਮੇਰਾ ਤਾਂ ਤੁਸੀਂ ਹੀ ਪਰਿਵਾਰ ਹੋ ਮੈਂ ਬਹੁਤ ਮਿਹਨਤ ਨਾਲ ਇਹ ਇਕੱਠੇ ਕੀਤੇ ਹਨ।"

1984 ਤੋਂ ਜਦੋਂ ਪੰਜਾਬ ਵਿਚ ਅਤਿਵਾਦੀ ਅਤੇ ਵਖਵਾਦੀ ਜਨੂੰਨ ਭੜਕਿਆ ਅਤੇ ਭਾਰਤ ਦੀ ਕੇਂਦਰੀ ਸਰਕਾਰ ਨੇ ਆਪਣੀ ਸਿਆਸੀ ਤੰਗ ਨਜ਼ਰੀ ਵਾਲੀ ਨੀਤੀ ਨਾਲ ਪੰਜਾਬ ਦਾ ਫਿਰਕੂ ਮਾਹੌਲ ਵਿਗਾੜਿਆ ਅਤੇ ਜਿਸਦਾ ਇਥੇ ਬਹੁਤ ਹੀ ਮਾੜਾ ਅਸਰ ਪਿਆ ਜਿਸਦੇ ਸਿਟੇ ਵਜੋਂ ਸਾਡੀਆਂ ਆਪਸ ਵਿਚ ਇਥੇ ਰਹਿੰਦਿਆਂ ਦੀਆਂ ਆਪਸੀ ਸਾਂਝਾਂ ਨੂੰ ਸੱਟ ਵੱਜੀ ਅਤੇ ਫੁਟ ਪਈ ਇਸ ਅਵਸਥਾ ਸਮੇਂ ਸਾਥੀ ਨੇ ਸਾਰਿਆਂ ਨਾਲ ਮਿਲ ਕੇ ਇਹਨਾਂ ਅਨਸਰਾਂ ਵਿਰੁਧ ਡਟ ਕੇ ਸਟੈਂਡ ਲਿਆ ਅਤੇ ਸਾਂਝੀ ਪਾਲਿਸੀ ਤੈਅ ਕਰਕੇ ਲੋਕਤਾ ਰਾਹੀਂ ਅਤੇ ਇੰਡੀਅਨ ਵਰਕਰਜ਼ ਐਸੋ: ਰਾਹੀਂ ਡਟ ਕੇ ਜਥੇਬੰਦਕ ਸਟੈਂਡ ਲਿਆ ਅਤੇ ਆਪਸੀ ਏਕਤਾ ਅਤੇ ਭਾਰਤ ਦੀ ਏਕਤਾ ਅਖੰਡਤਾ ਦੇ ਮੋਹਰੀ ਤੇ ਮੁਦਈ ਦੇ ਤੌਰ ਤੇ ਉਭਰੇ।

ਜਦੋਂ 1984 ਵਿਚ ਭਾਰਤ ਤੋਂ ਪਾਰਟੀ ਦੇ ਦਫਤਰ ਲਈ ਫੰਡ ਦੀ ਅਪੀਲ ਆਈ ਤਾਂ ਭੀ ਆਪਨੇ ਮੋਹਰੀਆਂ ਵਾਲਾ ਰੋਲ ਅਦਾ ਕੀਤਾ ਅਤੇ ਹੋਰ ਸਾਰੇ ਸਾਥੀਆਂ ਨਾਲ ਮਿਲਕੇ ਕਾਫੀ ਵੱਡੀ ਰਕਮ ਪਿਛੇ ਭੇਜੀ।

ਐਸੋਸੀਏਸ਼ਨ ਵਲੋਂ ਚਲਾਈ ਹਰ ਮੁਹਿਮ ਵਿਚ ਸਾਥ ਦਿੰਦੇ। ਕਈ ਵਾਰ ਤਾਂ ਸਿਹਤ ਨਾ ਠੀਕ ਹੋਣ ਕਾਰਨ ਫਿਰ ਭੀ ਸ਼ਾਮਿਲ ਹੁੰਦੇ। ਮੇਰੇ ਆਪਣੇ ਤਜਰਬੇ ਮੁਤਾਬਕ ਅਸੀਂ ਇੰਡੀਅਨ ਵਰਕਰਜ਼ ਐਸੋ: ਅਤੇ ਲੋਕਤਾ ਦਾ ਮੋਢੀ ਸਾਥੀ ਖੋ ਦਿਤਾ ਹੈ ਅਤੇ ਸਾਥੀ ਦੀ ਇਹ ਘਾਟ ਹਮੇਸ਼ਾਂ ਹੀ ਮਹਿਸੂਸ ਹੁੰਦੀ ਰਹੇਗੀ।

ਆਪਦੀ ਪਤਨੀ ਸ਼ਵਿੰਦਰ ਬਾਸੀ ਦੇ ਦੱਸਣ ਮੁਤਾਬਕ ਜਦੋਂ ਉਹਨਾਂ ਦਾ ਵਿਆਹ ਸਾਥੀ ਬਾਸੀ ਨਾਲ ਹੋਇਆ ਉਸ ਸਮੇਂ ਉਹਨਾਂ ਨੂੰ ਮਾਰਕਸਵਾਦ ਬਾਰੇ ਬਹੁਤਾ ਗਿਆਨ ਨਹੀਂ ਸੀ ਪ੍ਰੰਤੂ ਇਹ ਬਾਸੀ ਦੀ ਹੀ ਦੇਣ ਹੈ ਕਿ ਉਹ ਅੱਜ ਪੂਰੀ ਮਾਰਕਸਵਾਦ ਦੀ ਧਾਰਨੀ ਬਣ ਚੁਕੀ ਹੈ ਅਤੇ ਜਿਹੜਾ ਪ੍ਰਣ ਉਹਨਾਂ ਨੇ ਸਾਥੀ ਦੇ ਦੇਹ ਸਾਹਮਣੇ ਪਾਰਟੀ ਪ੍ਰਤੀ ਵਚਨਬੱਧਤਾ ਲਈ ਕੀਤਾ ਉਹ ਇਸਦੀ ਜਿੰਦਾ ਮਿਸਾਲ ਹੈ ਅਤੇ ਹੋਰਨਾਂ ਲਈ ਭੀ ਸਬਕ ਹੈ ਕਿ ਉਹ ਭੀ ਅਜਿਹਾ ਕਰਨ ਦੀ ਕੋਸ਼ਿਸ਼ ਕਰਨ।

ਅਸੀਂ ਸਾਥੀ ਨੂੰ ਯਾਦ ਹੀ ਕਰ ਸਕਦੇ ਹਾਂ ਅਤੇ ਉਹਨਾਂ ਨੂੰ ਸਹੀ ਸ਼ਰਧਾਂਜਲੀ ਉਹਨਾਂ ਵਲੋਂ ਹੋਰ ਸਾਥੀਆਂ ਨਾਲ ਉਲੀਕੇ ਕਦਮਾਂ ਨੂੰ ਅਗੇ ਵਧਾਉਣ ਵਿਚ ਹੀ ਹੈ। ਅਸੀਂ ਇੰਡੀਅਨ ਵਰਕਰਜ਼ ਐਸੋ: ਵਲੋਂ ਅਹਿਦ ਕਰਦੇ ਹਾਂ ਕਿ ਅਸੀਂ ਆਪਣੀ ਜਥੇਬੰਦੀ ਜਿਸਨੂੰ ਬਾਸੀ ਨੇ ਮੋਹਰੀ ਬਣ ਕੇ ਜਥੇਬੰਦ ਕੀਤਾ ਨੂੰ ਹੋਰ ਅਗੇ ਵਧਾ ਕੇ ਲੋਕਾਂ ਵਿਚ ਲਿਜਾਵਾਂਗੇ ਅਤੇ ਮਾਸਿਕ ਲੋਕਤਾ ਦਾ ਹੋਰ ਪਸਾਰ ਕਰਾਂਗੇ ਅਤੇ ਇਸਨੂੰ ਹੋਰ ਮਜ਼ਬੂਤ ਕਰਾਂਗੇ।

ਵਿਲੀਅਮਜ਼ਲੇਕ, ਟਰਾਂਟੋ, ਵਿੰਨੀਪੈਗ, ਐਡਮਿੰਟਨ ਤੇ ਹੋਰ ਸ਼ਹਿਰਾਂ ਦੇ ਸਾਥੀਆਂ ਨੇ ਆਪਣੇ ਸ਼ੋਕ ਮਤੇ ਭੇਜੇ ਅਤੇ ਬਾਸੀ ਪ੍ਰਵਾਰ ਨਾਲ ਦੁਖ ਦਾ ਪ੍ਰਗਟਾਵਾ ਕਰਦੇ ਹੋਏ, ਪਾਰਟੀ ਨੂੰ ਪਏ ਘਾਟੇ ਬਾਰੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਇਸ ਹੀ ਤਰ੍ਹਾਂ ਭਾਰਤ ਦੇ ਪੁਰਾਣੇ ਦੇਸ਼ ਭਗਤ ਘੁਲਾਟੀਏ ਅਤੇ ਕੁਲ ਵਕਤੀ ਸਾਥੀ ਜਰਨੈਲ ਸਿੰਘ ਭੁੰਗਰਨੀ (ਜੋ ਅਜ ਕੱਲ ਹੁਸਟਨ, ਬੀ. ਸੀ. ਵਿਚ ਰਹਿੰਦੇ ਹਨ) ਨੇ ਭੀ ਬਹੁਤ ਹੀ ਦੁਖ ਦਾ ਪ੍ਰਗਟਾਵਾ ਕੀਤਾ ਹੈ ਤੇ ਸ਼ਰਧਾਂਜਲੀ ਭੇਂਟ ਕੀਤੀ ਹੈ।

# ਸਾਥੀ ਪਿਆਰਾ ਸਿੰਘ ਬਾਸੀ ਦੀ ਯਾਦ ਵਿਚ

**ਗੁਰਨਾਮ ਸਿੰਘ ਸੰਘੇੜਾ**

1988 ਨੂੰ ਜਦੋਂ ਸਾਥੀ ਪਿਆਰਾ ਸਿੰਘ ਬਾਸੀ ਦੀ ਹਾਰਟ ਅਟੈਕ ਨਾਲ ਮੌਤ ਬਾਰੇ ਖਬਰ ਸੁਣੀ ਤਾਂ ਯਕੀਨ ਨਹੀਂ ਸੀ ਆ ਰਿਹਾ। ਇਸ ਅਤੀ ਦੁਖਦਾਈ ਖਬਰ ਨੇ ਸਾਰੇ ਸਾਥੀਆਂ ਦੇ ਹੋਸ਼ ਹਵਾਸ ਗੁੰਮ ਕਰ ਦਿੱਤੇ। ਸਾਡਾ ਸਾਥੀ ਤਾਂ ਐਨਕਾਂ ਲਾਈ ਤੇ ਖਾਕੀ ਭੂਰਾ ਅਨਾਰੈਕ ਪਾਈ ਤੁਰਿਆ ਜਾਂਦਾ ਤੇ ਨਾਲ ਗੱਲਾਂ ਕਰਦਾ, ਦਿਸਦਾ ਸੀ। ਸਾਡੇ ਸਾਥੀ ਦੀ ਇਸ ਮੌਤ ਨਾਲ ਉਸ ਦੇ ਪਰਿਵਾਰ ਅਤੇ ਈਸਟ ਇੰਡੀਅਨ ਵਰਕਰਜ਼ ਐਸੋ: ਅਤੇ ਲੋਕਤਾ ਨੂੰ ਬਹੁਤ ਵੱਡਾ ਧੱਕਾ ਲੱਗਾ ਤੇ ਘਾਟਾ ਪਿਆ ਹੈ। ਅਸੀਂ ਆਪਣੇ ਸਾਥੀ, ਉਸ ਦੇ ਕੰਮਾਂ ਅਤੇ ਯਾਦਾਂ ਨੂੰ ਸੰਭਾਲ ਕੇ ਰਖਦੇ ਹੋਏ ਤੇ ਉਹਨਾਂ ਕੰਮਾਂ ਨੂੰ ਅੱਗੇ ਖੜਦੇ ਹੋਏ, ਉਸ ਨਾਲ ਬਿਤਾਏ ਹਰ ਸਮੇਂ ਨੂੰ ਯਾਦ ਕਰਦੇ ਰਹਾਂਗੇ।

ਮੈਂ ਪਿਆਰਾ ਸਿੰਘ ਬਾਸੀ ਨੂੰ 1950 ਤੋਂ ਸਕੂਲ ਦੇ ਦਿਨਾਂ ਤੋਂ ਜਾਣਦਾ ਹਾਂ ਅਸੀਂ ਇਸ ਦੇ ਪਿੰਡ ਬੁਡਾਲਾ ਵਿਖੇ ਹੀ ਪੜ੍ਹੇ। ਫਿਰ ਪੰਜਾਬ ਵਿਚ ਕਾਲਜਾਂ ਦੀਆਂ ਫੁਟਬਾਲ (ਸੌਕਰ) ਦੀਆਂ ਟੀਮਾਂ ਰਾਹੀਂ ਵਾਹ ਪੈਂਦਾ ਰਿਹਾ। ਯੂਨੀਵਰਸਿਟੀ ਮੈਚਾਂ ਵਿਚ ਵਿਰੋਧੀਆਂ ਦੇ ਤੌਰ ਤੇ ਖੇਲਦੇ ਅਤੇ ਆਲ ਇੰਡੀਆ ਸੌਕਰ ਮੈਚਾਂ ਵਿਚ ਇਕ ਪਾਸੇ ਤੇ ਵਿਰੋਧ ਵਿਚ ਖੇਲਦੇ ਰਹੇ। ਪਿਆਰਾ ਸਿੰਘ ਬਾਸੀ ਨੇ ਕੁਝ ਮਹੀਨੇ ਰਾਮਗੜ੍ਹੀਆ ਕਾਲਜ ਫਗਵਾੜੇ, ਫਿਰ ਖਾਲਸਾ ਕਾਲਜ ਜਲੰਧਰ ਅਤੇ ਫਿਰ ਡੀ. ਏ. ਵੀ. ਕਾਲਜ ਜਲੰਧਰ ਰਾਹੀਂ ਇੰਟਰ-ਯੂਨੀਵਰਸਿਟੀ ਮੈਚਾਂ ਵਿਚ ਪੂਰੀ ਪ੍ਰਸਿੱਧਤਾ ਪਾਈ। ਉਸ ਸਮੇਂ ਇਸ ਦਾ ਬਹੁਤ ਹੀ ਵਧੀਆ ਸੁੰਦਰ, ਭਰਵਾਂ ਤੇ ਗੁੰਦਿਆ ਹੋਇਆ ਸਰੀਰ ਹੁੰਦਾ ਸੀ ਅਤੇ ਬਹੁਤ ਫੁਰਤੀਲਾ। ਸੌਕਰ ਵਿਚ ਪਿਆਰਾ 'ਬਿਲਾ' ਦੇ ਨਾਮ ਨਾਲ ਪ੍ਰਸਿੱਧ ਸੀ। ਖੁਲ ਦਿਲਾ, ਈਰਖਾ ਤੋਂ ਰਹਿਤ ਅਤੇ ਅਸੂਲਾਂ ਅਨੁਸਾਰ ਖੇਡਣ ਵਾਲਾ ਖਿਡਾਰੀ ਸੀ। ਖਿਡਾਰੀਆਂ ਦੀਆਂ ਖੇਡਣ ਦੇ ਮਸਲੇ ਤੇ ਕਈ ਨਾਚਾਕੀਆਂ ਹੋ ਜਾਂਦੀਆਂ ਹਨ ਪਰ ਛੇਤੀ ਭੁੱਲ ਜਾਂਦੀਆਂ ਹਨ। ਸਾਡਾ ਇਸ ਪੱਖ ਤੋਂ ਭੀ ਆਪਸੀ ਸਨੇਹ ਰਿਹਾ। ਇਹ ਪਹਿਲਾਂ ਤੋਂ ਹੀ ਅਗਾਂਹ ਵਧੂ ਖਿਆਲਾਂ ਦਾ ਧਾਰਨੀ ਅਤੇ ਬਹੁਤ ਪ੍ਰਾਹੁਣਚਾਰੀ ਵਾਲਾ ਤੇ ਚੰਗਾ ਮਹਿਮਾਨ ਨਵਾਜ਼ ਸੀ। ਇੰਗਲੈਂਡ ਤੇ ਕੈਨੇਡਾ ਵਿਚ ਭੀ ਇਸ ਦੇ ਦਰਵਾਜ਼ੇ ਖੁੱਲ੍ਹੇ ਸਨ ਅਤੇ ਹਰ ਅਗਾਂਹਵਧੂ ਨੂੰ ਜੀ ਆਇਆਂ ਆਖਣਾ, ਮਦਦ ਕਰਨੀ ਤੇ ਘੁਮਾਉਣਾ ਫਿਰਾਉਣਾ ਆਪਣਾ ਫਰਜ਼ ਸਮਝਦਾ ਸੀ। ਗੰਢੇ ਦੀ ਛਿੱਲ ਲਾਹੁਣ ਵਾਂਗ ਝੱਟ ਗੱਲਾਂਬਾਤਾਂ ਰਾਹੀਂ ਪਤਾ ਕਰਕੇ ਅੰਗਲੀ ਸੰਗਲੀ ਜਾਂ ਦੋਸਤ ਦਾ ਦੋਸਤ ਆਦਿ ਕੱਢ ਲੈਂਦਾ ਸੀ। ਛੇਤੀ ਗੁੱਸਾ ਨਹੀਂ ਸੀ ਆਉਂਦਾ ਅਤੇ ਬਰਦਾਸ਼ਤ ਕਰਨ ਦਾ ਵੱਡਾ ਜੇਰਾ ਰਖਦਾ ਸੀ (ਮੁਢ ਤੋਂ ਹੀ)।

ਭਾਰਤ ਵਿਚ ਭੀ ਅਸੀਂ ਸਾਂਝੀ ਪਾਰਟੀ ਦੇ ਨਾਲ ਰਹੇ। ਇਸ ਨੇ 1960 ਵਿਚ ਕੈਨੇਡਾ ਦਾ ਵਾਪਸੀ ਲੈ ਕੇ ਇਧਰ ਨੂੰ ਚਾਲੇ ਪਾਏ। ਪਰ ਇਸ ਦਾ ਬੜਾ ਭਾਈ ਕਰਨੈਲ ਸਿੰਘ (ਜੋ ਮੇਰੇ ਨਾਲ ਕੌਮੀ ਪੱਧਰ ਤੇ ਇੰਗਲੈਂਡ ਵਿਚ ਇੰਡੀਅਨ ਵਰਕਰਜ਼ ਐਸੋ: ਗਰੇਟ ਬ੍ਰਿਟਿਨ ਵਿਚ 1967-1977 ਤੇ ਇਸ ਹੀ ਤਰ੍ਹਾਂ ਪਾਰਟੀ ਐਸੋ: ਵਿਚ ਸਰਗਰਮ ਰਿਹਾ ਤੇ ਮੇਰੇ ਤੋਂ ਪਹਿਲਾਂ ਭੀ ਲੋਕਲ ਪੱਧਰ ਤੇ ਸਰਗਰਮ ਸੀ) ਤੇ ਭੈਣ ਬੈਡਫੋਰਡ (ਇੰਗਲੈਂਡ) ਰਹਿੰਦੇ ਸਨ। ਸੋ ਇਹ ਰਾਹ ਵਿਚ ਹੀ ਇੰਗਲੈਂਡ ਉਤਰ ਗਿਆ ਤੇ 1968 ਤਕ ਇੰਗਲੈਂਡ ਵਿਚ ਹੀ ਰਿਹਾ। ਇਹ ਦੋਵੇਂ ਭਾਈ ਬੈਡਫੋਰਡ ਅਤੇ ਫਿਰ ਨੌਟੀਗਮ (ਇੰਗਲੈਂਡ) ਵਿਚ ਇੰਡੀਅਨ ਵਰਕਰਜ਼ ਐਸੋ: ਤੇ ਪਾਰਟੀ ਵਿਚ ਸਰਗਰਮ ਰਹੇ। ਸਾਥੀ ਪਿਆਰਾ ਗਿੰਘ ਨੇ 1960-1961 ਵਿਚ ਬਰਮਿੰਘਮ (ਇੰਗਲੈਂਡ) ਵਿਚ ਮਸ਼ੀਨਿਸਟ ਤੇ ਟੂਲ ਐਂਡ ਡਾਈਮੇਕਰ ਦਾ ਕੋਰਸ ਕੀਤਾ। ਉਸ ਸਮੇਂ ਦੇ ਇੰਡੀਅਨ ਵਰਕਰਜ਼ ਐਸੋ: ਦੇ ਕੌਮੀ ਨੇਤਾਵਾਂ ਜਗਮੋਹਨ ਜੋਸ਼ੀ ਤੇ ਅਵਤਾਰ ਜੌਹਲ ਨਾਲ ਭੀ ਲੋਕਲ ਪੱਧਰ ਤੇ ਹਿੱਸਾ ਪਾਇਆ। 1962 ਵਿਚ ਮੈਂ ਤੇ ਮੇਰੀ ਸਾਥਣ ਹਰਮਿੰਦਰ ਭੀ ਬਰੈਡਫੋਰਡ (ਇੰਗਲੈਂਡ) ਪਹੁੰਚ ਗਏ। ਸੋ ਇੰਗਲੈਂਡ ਵਿਚ ਮੁੜ ਇਕੱਠੇ ਹੋ ਗਏ। ਇਸ ਦੀ ਸਾਥਣ ਤੇ ਮਹਿਮਾਨ ਨਿਵਾਜ਼ ਸ਼ਵਿੰਦਰ ਨੂੰ ਭੀ ਉਨ੍ਹਾਂ ਦੇ ਰਿਸ਼ਤੇਦਾਰਾਂ ਰਾਹੀਂ ਭਾਰਤ ਤੋਂ ਹੀ ਜਾਣਦੇ ਸਾਂ।

ਜਦੋਂ ਭਾਰਤ ਵਿਚ ਤੇ ਪ੍ਰਤੀਕਰਮ ਵਜੋਂ ਇੰਗਲੈਂਡ ਵਿਚ ਸੀ ਪੀ ਆਈ ਤੇ ਸੀ ਪੀ ਐਮ ਜੁਦੀਆਂ ਜੁਦੀਆਂ ਦੋ ਪਾਰਟੀਆਂ ਹੋ ਗਈਆਂ ਤਾਂ ਨੀਤੀਆਂ ਅਤੇ ਪਾਰਟੀ ਪ੍ਰੋਗਰਾਮ ਦੇ ਆਧਾਰ ਤੇ ਸਾਥੀ ਬਾਸੀ ਤੇ ਅਸੀਂ 90 ਫੀਸਦੀ ਬਹੁ-ਗਿਣਤੀ ਨੇ ਸੀ ਪੀ ਐਮ ਨੂੰ ਹੀ ਅਪਣਾਇਆ। ਇੰਡੀਅਨ ਵਰਕਰਜ਼ ਐਸੋ: ਆਫ ਗਰੇਟ ਬ੍ਰਿਟਿਨ ਵਿਚ ਤਾਂ ਕੌਮੀ ਪੱਧਰ ਅਤੇ ਹਰ ਸ਼ਹਿਰ ਵਿਚ (ਸਾਊਥਾਲ ਤੋਂ ਬਿਨਾਂ) ਤਾਂ ਸੀ ਪੀ ਐਮ ਨਾਲ ਹਮਦਰਦੀ ਤੇ ਵਫਾਦਾਰੀ ਰੱਖਣ ਵਾਲੇ ਹੀ ਸਰਗਰਮ ਸਨ। ਜਦੋਂ ਸਾਂਝੀ ਪਾਰਟੀ ਵਿਚੋਂ ਅਖੌਤੀ ਚੀਨ ਨਿਵਾਜ਼ ਦੇ ਲੇਬਲ ਅਧੀਨ (ਜਿਹਨਾਂ ਨੇ ਪਿਛੋਂ ਮਜ਼ਬੂਰਨ ਤੇ ਸਹੀ ਪਾਲਸੀਆਂ ਅਤੇ ਪ੍ਰੋਗਰਾਮ ਦੇ ਆਧਾਰ ਤੇ ਸੀ ਪੀ ਐਮ ਬਣਾਈ) ਸਾਥੀਆਂ ਨੂੰ ਭਾਰਤ ਵਿਚ ਜੇਲ੍ਹੀ ਡੱਕ ਦਿੱਤਾ ਤਾਂ ਇੰਗਲੈਂਡ ਵਿਚ ਰਹਿੰਦੇ ਭਾਰਤੀਆਂ ਨੇ ਇਹਨਾਂ ਦੀ ਰਿਹਾਈ ਲਈ ਤੇ ਕਾਂਗਰਸ ਸਰਕਾਰ ਦੀ ਗੈਰ-ਜਮਹੂਰੀ ਧਾਂਦਲੀ ਵਿਰੁਧ ਲੰਡਨ ਵਿਚ ਬਹੁਤ ਵੱਡਾ ਜਲੂਸ ਕੱਢਿਆ ਜਿਸ ਵਿਚ ਸਾਥੀ ਬਾਸੀ ਤੇ ਅਸੀਂ ਸਾਰੇ ਸ਼ਾਮਲ ਹੋਏ। ਉਸ ਜਲੂਸ ਦੀ ਅਗਵਾਈ ਤੇ ਇੰਡੀਅਨ ਵਰਕਰਜ਼ ਐਸੋ: ਨੇ ਕੀਤੀ ਤੇ ਉਸ ਵਿਚ ਇੰਗਲੈਂਡ ਦੀ ਪਾਰਟੀ ਦਾ ਉਘਾ ਨੇਤਾ ਅਤੇ ਅੰਤਰ-ਰਾਸ਼ਟਰੀ ਪ੍ਰਸਿੱਧਤਾ ਵਾਲੇ ਮਾਰਕਸਵਾਦੀ ਸਾਥੀ


# ਸਿੰਘ ਫੂਡਜ਼

**ਹਰੀਆਂ ਤਾਜ਼ੀਆਂ ਸਬਜ਼ੀਆਂ ਹਫਤੇ ਦੇ ਸੱਤੇ ਦਿਨ ਮਿਲਦੀਆਂ ਹਨ**

**ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੋਸਰੀ ਖ੍ਰੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ**

ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਫ਼ੋਨ : 327-4911**

**SINGH FOODS**

**6684 ਮੇਨ ਸਟਰੀਟ, (51 ਐਵੇਨਿਊ) ਵੈਨਕੂਵਰ, ਬੀ. ਸੀ.**

ਰਜਨੀਪਾਮ ਦੱਤ ਨੇ ਭਾਸ਼ਨ ਦਿੱਤਾ। ਉਸ ਜਲੂਸ ਵਿਚ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਭੀ ਸੀ ਪਰ ਉਸ ਨੂੰ ਬੋਲਣ ਇਸ ਕਰਕੇ ਨਾ ਦਿੱਤਾ ਗਿਆ ਕਿ ਉਸ ਨੇ ਤੇ ਉਸ ਦੇ ਸਾਥੀਆਂ ਨੇ ਭਾਰਤ ਵਿਚ ਤਾਂ ਆਪ ਕਾਂਗਰਸ ਨੂੰ ਨਾਮ ਦਿੱਤੇ ਸਨ ਕਿ ਕੌਣ ਕੌਣ ਚੀਨ ਨਾਲ ਸਰਹੱਦੀ ਝਗੜੇ ਬਾਰੇ ਕਾਂਗਰਸ ਦੀ ਨੀਤੀ ਨਾਲ ਸਹਿਮਤ ਨਹੀਂ।

ਫਿਰ ਅਸੀਂ ਦੋਵੇਂ ਭਾਰਤੀ ਮਜ਼ਦੂਰ ਸਭਾ ਦੀ ਕੌਮੀ ਕਮੇਟੀ ਤੇ 1964 ਤੋਂ 1967 ਤਕ ਰਹੇ। ਪਰ ਜ਼ਿਆਦਾ ਕਰਕੇ ਸਾਥੀ ਬਾਸੀ ਲੋਕਲ ਪੱਧਰ ਤੇ ਨੌਟੀਗਮ ਵਿਚ ਸਰਗਰਮ ਰਿਹਾ ਤੇ ਮੈਂ ਕੌਮੀ ਪੱਧਰ ਤੇ। ਜਦੋਂ ਫਿਰ 1967 ਵਿਚ ਸੀ ਪੀ ਐਮ ਵਿਚ ਭਾਰਤ ਵਿਚ ਅਤਿ ਖੱਬੂਆਂ ਨੇ ਨਕਸਲਬਾੜੀ ਦੇ ਨਾਮ ਤੇ ਫੁੱਟ ਪਾਈ (ਅਤੇ ਪਿਛੋਂ ਤਾਂ ਦੋ ਦਰਜਨ ਤੋਂ ਵੱਧ ਵਿਚ ਨਕਸਲਬਾੜੀ ਵਾਲੇ ਫਟ ਗਏ) ਤਾਂ ਇੰਗਲੈਂਡ ਵਿਚ ਫਿਰ ਅਸਰ ਹੋਇਆ। ਕਿਉਂਕਿ ਅਸੀਂ ਭਾਰਤ ਵਿਚੋਂ ਆਏ ਹਾਂ ਅਤੇ ਉਸ ਦੇਸ਼ ਨਾਲ ਹਿਤ ਹੈ ਅਤੇ ਬਹੁਤ ਸਾਂਝਾਂ ਹਨ ਜਿਸ ਕਰਕੇ ਭਾਰਤ ਦੀਆਂ ਘਟਨਾਵਾਂ ਦਾ ਬਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਤੇ ਅਸਰ ਪੈਂਦਾ (ਜਿਵੇਂ 1985 ਤੋਂ ਪਿਛੋਂ ਪੰਜਾਬ ਦੇ ਅਤਿਵਾਦੀ ਵਖਵਾਦੀ ਅਨਸਰਾਂ ਦਾ ਬਦੇਸ਼ਾਂ ਵਿਚ ਭੀ ਦੇਸ਼ ਧਰੋਹੀ ਅਸਰ ਹੋਇਆ — ਭਾਵੇਂ ਮੁੱਠੀ ਭਰ ਅਨਸਰਾਂ ਤੇ ਹੀ ਹੋਇਆ) ਹੈ। ਸੋ 1967 ਵਿਚ ਲੰਡਨ ਵਿਚ ਐਸੋ: ਦੀ ਕੇਂਦਰੀ ਕਮੇਟੀ ਦੀ ਮੀਟਿੰਗ (ਜੋ ਮੇਰੀ ਪ੍ਰਧਾਨਗੀ ਵਿਚ ਹੋਈ) ਵਿਚ ਤੇਜਾ ਸਿੰਘ ਸਹੋਤਾ, ਮਨਚੰਦਾ, ਜੋਸ਼ੀ ਤੇ ਰੰਜਨਾ ਸਿਧਾਂਤਾਂ ਨੇ ਨਕਸਲਬਾੜੀ ਦੀ ਲਾਈਨ ਤੇ ਤੁਰਨ ਦੀ ਗੱਲ ਕੀਤੀ ਪਰ ਭਾਰੀ ਬਹੁ ਗਿਣਤੀ ਨੇ ਰੱਦ ਕੀਤੀ। ਦੋ ਹਫਤੇ ਪਿਛੋਂ ਲੈਸਟਰ (ਇੰਗਲੈਂਡ) ਵਿਖੇ ਭਾਰਤੀ ਮਜ਼ਦੂਰ ਸਭਾ ਦੀ ਦੋ ਦਿਨਾਂ ਕੌਮੀ ਕਾਨਫਰੰਸ ਹੋਈ ਜਿਸ ਵਿਚ ਨਕਸਲਬਾੜੀ ਸਮਰਥਕਾਂ ਨੇ ਇਸ ਮਸਲੇ ਤੇ ਹੀ ਕੌਮੀ ਕਮੇਟੀ ਲਈ ਚੋਣ ਲੜੀ। ਸਾਥੀ ਪਿਆਰਾ ਸਿੰਘ ਬਾਸੀ ਨੌਟੀਗਮ ਦਾ ਸਕੱਤਰ ਤੇ ਕੌਮੀ ਕਮੇਟੀ ਦਾ ਮੈਂਬਰ ਸੀ ਸੋ ਕੌਮੀ ਚੋਣ ਵਿਚ ਸਾਥੀ ਬਾਸੀ ਤੇ ਅਸੀਂ ਭਾਰੀ ਬਹੁ-ਗਿਣਤੀ ਨੇ ਭਾਰਤੀ ਮਜ਼ਦੂਰ ਸਭਾ ਵਿਚੋਂ ਨਕਸਲਬਾੜੀ ਦੇ ਧਾਰਨੀਆਂ ਨੂੰ ਹਾਰ ਦੇ ਕੇ ਅਤਿ ਖੱਬੀ ਤੇ ਲੋਕਾਂ ਤੋਂ ਕੱਟੀ ਹੋਈ ਵਿਚਾਰਧਾਰਾ ਨੂੰ ਹਾਰ ਦਿੱਤੀ। ਇਸ ਵਿਚ ਸਾਥੀ ਬਾਸੀ ਨੂੰ ਕੌਮੀ ਕਮੇਟੀ ਤੇ ਫਿਰ ਚੁਣਿਆ ਗਿਆ। ਮੈਂ ਕੇਂਦਰੀ ਕਮੇਟੀ ਦਾ ਕੌਮੀ ਪ੍ਰਧਾਨ ਤੇ ਲੈਸਟਰ ਤੋਂ ਸੁਰਜੀਤ ਮਾਨ ਕੌਮੀ ਸਕੱਤਰ (ਜੋ ਅਜ ਕਲ ਹੁਸ਼ਿਆਰਪੁਰ ਵਿਚ ਕੁਲ ਵਕਤੀ ਕੰਮ ਕਰਦਾ ਤੇ ਪਾਰਟੀ ਜ਼ਿਲਾ ਕਮੇਟੀ ਮੈਂਬਰ ਹੈ) ਚੁਣੇ ਗਏ। 1968 ਵਿਚ ਸਾਥੀ ਬਾਸੀ ਕੈਨੇਡਾ ਆ ਗਿਆ।

ਕੈਨੇਡਾ ਵਿਚ ਪਹੁੰਚ ਕੇ ਭੀ ਸਾਥੀ ਬਾਸੀ ਨੇ ਜਿਥੇ ਡਟ ਕੇ ਕੰਮ ਕੀਤਾ ਉਥੇ ਨਾਲ ਹੀ ਭਾਰਤੀ ਕਮਿਉਨਿਟੀ ਵਿਚ ਅਗਾਂਹ ਵਧੂ ਵਿਚਾਰਾਂ ਵਾਲਿਆਂ ਨਾਲ ਰਲ ਕੇ ਲੋਕ ਹਿਤੂ ਜਥੇਬੰਦੀ ਉਸਾਰਨ ਲਈ ਤਤਪਰ ਰਿਹਾ। 1973 ਵਿਚ ਸੈਲਾਨੀਆਂ ਜਾਂ ਹੋਰਾਂ ਨੂੰ ਕੈਨੇਡਾ ਰਹਿਣ ਲਈ ਛੋਟ ਦੇ ਸਮੇਂ ਤੋਂ ਪਹਿਲਾਂ ਤਾਂ ਭਾਰਤੀ ਥੋੜੇ ਸਨ। ਇਥੇ ਕਈਆਂ ਨੂੰ ਮਿਲੇ। ਉਸ ਸਮੇਂ ਗੁਰਦੁਆਰੇ ਸਮਾਜਿਕ ਐਕਸ਼ਨਾਂ ਦਾ ਭੀ ਕੇਂਦਰ ਸਨ। ਜਦੋਂ 1974 ਵਿਚ ਵੈਨਕੂਵਰ ਵਿਚ ਨਸਲਵਾਦੀ ਘਟਨਾਵਾਂ ਹੋਈਆਂ ਜਾਂ ਪਿਛੋਂ ਹੁੰਦੀਆਂ ਰਹੀਆਂ ਤਾਂ ਸਾਥੀ ਬਾਸੀ ਨੇ ਡਟ ਕੇ ਮੋਹਰਲੀਆਂ ਕਤਾਰਾਂ ਵਿਚ ਖੜ ਕੇ ਨਸਲਵਾਦ ਦਾ ਵਿਰੋਧ ਕੀਤਾ। ਉਹ ਇਹ ਭੀ ਭਲੀ ਭਾਂਤ ਸਮਝਦਾ ਸੀ ਕਿ ਕਾਲੇ ਗੋਰੇ ਕਾਮੇ ਦੇ ਹਿਤ ਤਾਂ ਸਾਂਝੇ ਹਨ ਪਰ ਇਹ ਮੁਨਾਫੇਖੋਰ ਤੇ ਅਤਿਵਾਦੀ ਹੀ ਕਾਮਿਆਂ ਵਿਚ ਫੁੱਟ ਪਾਉਂਦੇ ਤੇ ਗੁਮਰਾਹ ਕਰਦੇ ਹਨ। ਸਾਥੀ ਬਾਸੀ ਜਿਥੇ ਅਸੂਲ ਦੇ ਆਧਾਰ ਤੇ ਇਕੱਲੇ ਕਿਸੇ ਮਸਲੇ ਤੇ ਸਾਂਝੇ ਐਕਸ਼ਨ ਦੇ ਹੱਕ ਵਿਚ ਸਨ ਤੇ ਕਰਦੇ ਸਨ ਪਰ ਅਸਲੀ ਰਾਹ ਤੋਂ ਥਿੜਕੇ ਤੇ ਭਟਕੇ ਹੋਏ ਅਤਿ ਖੱਬੂਆਂ ਤੇ ਅਤਿ ਸੱਜੂਆਂ ਨਾਲ ਕੋਈ ਲੈ ਦੇ ਨਹੀਂ ਚਾਹੁੰਦੇ ਸਨ। ਇਸ ਕਰਕੇ ਉਸ ਨੇ ਇਥੇ ਭੀ ਨਕਸਲਬਾੜੀ ਅਨਸਰਾਂ ਦਾ ਵਿਰੋਧ ਕੀਤਾ।

ਜਦੋਂ 1975 ਤੋਂ 1977 ਤਕ ਸ੍ਰੀਮਤੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਅਤੇ ਏਕਾ-ਅਧਿਕਾਰਵਾਦ ਵਲ ਤੁਰ ਪਈ ਤਾਂ ਭਾਰਤ ਵਿਚ ਤੇ ਭਾਰਤ ਤੋਂ ਬਾਹਰ ਦੇ ਦੇਸ਼ ਹਿਤੈਸ਼ੀ, ਜਮਹੂਰੀਅਤ ਪਸੰਦ ਤੇ ਅਗਾਂਹਵਧੂ ਲੋਕਾਂ ਨੇ ਡਟ ਕੇ ਵਿਰੋਧ ਕੀਤਾ। ਭਾਰਤ ਵਿਚ ਸੀ ਪੀ ਐਮ ਨੇ ਦੇਸ਼ ਵਿਆਪੀ ਪੱਧਰ ਤੇ ਵਿਰੋਧ ਕੀਤਾ ਤੇ ਜੇਲ੍ਹਾਂ ਵਿਚ ਡੱਕੇ ਗਏ। ਭਾਰਤ ਤੋਂ ਬਾਹਰ ਸਭ ਤੋਂ ਵੱਡੀ ਤੇ ਸਫਲ ਪੱਧਰ ਤੇ ਵਿਰੋਧ ਇੰਗਲੈਂਡ ਵਿਚ ਸਾਡੀ ਭਾਰਤੀ ਮਜ਼ਦੂਰ ਸਭਾ ਨੇ ਕੀਤਾ। ਉਹ ਸਮਾਂ ਸੀ ਜਦੋਂ ਕਾਂਗਰਸੀ ਭੀ ਇੰਗਲੈਂਡ ਵਿਚ ਐਮਰਜੈਂਸੀ ਦਾ ਸਮਰਥਨ ਕਰਨ ਤੋਂ ਸੰਕੋਚ ਕਰਦੇ ਤੇ ਜਿਥੇ ਕੀਤਾ ਤਾਂ ਲੋਕਾਂ ਨੇ ਉਹਨਾਂ ਨੂੰ ਨਿਖੇੜ ਕੇ ਰਖ ਦਿੱਤਾ (ਉਸ ਸਮੇਂ ਲੇਖ ਦਾ ਕਰਤਾ ਕੌਮੀ ਸਕੱਤਰ ਕਿਰਪਾਲ ਅਟਵਾਲ ਪ੍ਰਧਾਨ ਸਨ ਅਤੇ ਬਿਪਲਬ ਦਾਸ ਗੁਪਤਾ (ਜੋ ਅਜ ਭਾਰਤੀ ਕਿਸਾਨ ਸਭਾ ਦਾ ਸਹਾਇਕ ਸਕੱਤਰ ਤੇ ਪਾਰਟੀ ਦਾ ਕੁਲ ਵਕਤੀ ਹੈ) ਇੰਡੀਅਨ ਕਮਿਊਨਿਸਟ ਐਸੋ: ਆਫ ਗਰੇਟ ਬ੍ਰਿਟਿਨ ਦਾ ਸਕੱਤਰ ਸੀ)। ਉਸ ਸਮੇਂ ਸਾਥੀ ਬਾਸੀ ਨੇ ਸਾਥੀ ਅਮਰਜੀਤ ਸੂਫੀ ਤੇ ਮੁਹਿੰਦਰ ਸੁਮਲ ਆਦਿ ਨਾਲ ਤੇ ਹੋਰਾਂ ਅਗਾਂਹ ਵਧੂ ਲੋਕਾਂ ਨੂੰ ਨਾਲ ਲੈ ਕੇ ਵੈਨਕੂਵਰ ਵਿਚ ਐਮਰਜੈਂਸੀ ਦਾ ਡਟਵਾਂ ਵਿਰੋਧ ਕੀਤਾ। ਹਰ ਜਲਸੇ, ਜਲੂਸ ਤੇ ਮੁਹਿਮ ਵਿਚ ਸਾਥੀ ਬਾਸੀ ਦੀ ਸਾਥਣ ਸ਼ਵਿੰਦਰ ਤਾਂ ਨਾਲ ਹੁੰਦੀ ਹੀ ਹੈ। ਫਿਰ ਸਾਥੀ ਬਾਸੀ, ਅਮਰਜੀਤ ਸੂਫੀ ਤੇ ਹੋਰ ਸਾਥੀਆਂ ਨੇ ਰਲ ਕੇ ਅਕਤੂਬਰ 1976 ਵਿਚ ਮਾਸਿਕ ਲੋਕਤਾ ਦਾ ਅਗਾਂਹ ਵਧੂ ਪਰਚਾ ਕੱਢਿਆ। ਇਸ ਪਰਚੇ ਦਾ ਅਹਿਮ ਰੋਲ ਹੈ। ਉਸ ਸਮੇਂ ਇਸ ਰਾਹੀਂ ਐਮਰਜੈਂਸੀ ਤੇ ਭਾਰਤੀ ਲੋਟੂ ਹਾਕਮਾਂ ਨੂੰ ਨੰਗਿਆਂ

SANTORIA
PIZZA
13979-16TH AVE.
IN THE NICHOL PLAZA
DELIVERY AFTER 4-30
Ph. 531-2772

Star Drywall
Construction Co. Ltd.
P.O.BOX 639
SURREY, B.C. V3T 5L9
- Complete Drywall Service
- Guaranteed Work
- Free Estimates

Sahib or Nake
Ph. (604) 589-4830

ਕੀਤਾ ਤੇ ਪਰਖਚੇ ਉਡਾਏ । ਕੈਨੇਡਾ ਵਿਚ ਨਸਲਵਾਦ ਅਤੇ ਅਨਿਆਂ ਦਾ ਵਿਰੋਧ ਕੀਤਾ । ਅਜ ਭੀ ਇਹ ਪਰਚਾ ਸਾਰੇ ਕੈਨੇਡਾ ਵਿਚ (ਭਾਰਤੀ ਕਮਿਊਨਿਟੀ ਵਿਚ ਦੇਸ਼ ਤੇ ਲੋਕ ਹਿਤੂ ਅਤੇ ਸਾਮਰਾਜ, ਲੋਟੂਆਂ ਤੇ ਫਿਰਕਾਪ੍ਰਸਤ ਮੂਲਵਾਦੀ ਤੇ ਵਖਵਾਦੀ ਸਿੱਖਾਂ ਵਿਰੁਧ) ਅਹਿਮ ਰੋਲ ਅਦਾ ਕਰ ਰਿਹਾ ਹੈ । ਇੰਗਲੈਂਡ ਦੀ ਵੱਡੀ ਜਥੇਬੰਦੀ ਅਤੇ ਭਾਰਤੀ ਮਜ਼ਦੂਰ ਸਭਾ ਭੀ ਇਸ ਤਰ੍ਹਾਂ ਦਾ ਪਰਚਾ ਨਾ ਸਥਾਪਤ ਕਰ ਸਕੀਆਂ, ਸਾਥੀ ਬਾਸੀ ਚੰਗਾ ਦਾਨੀ ਭੀ ਸੀ ਅਤੇ ਪਾਰਟੀ ਤੋਂ ਅਗਾਂਹਵਧੂ ਕੰਮਾਂ ਦੀ ਮਾਇਕ ਮੱਦਦ ਕਰਨ ਵਿਚ ਸਦਾ ਹੀ ਅਗੇ ਰਹੇ ਇਵੇਂ ਹੀ 'ਲੋਕਤਾ' ਲਈ ਕੀਤਾ ਭਾਰਤ ਵਿਚ ਭੀ ਪਾਰਟੀ ਦੀ ਹਰ ਮਾਇਕ ਮਦਦ ਦੇ ਸੁਨੇਹੇ ਤੇ ਫੁਲ ਚੜ੍ਹਾਏ ਤੇ ਮੋਹਰੀ ਦਾ ਰੋਲ ਅਦਾ ਕੀਤਾ — ਉਹ ਫੰਡ ਚਾਹੇ ਪਾਰਟੀ ਦੇ ਦਿੱਲੀ ਵਿਚ ਦਫਤਰ (ਗੁਪਾਲਨ ਭਵਨ) ਹੋਵੇ ਜਾਂ ਪੰਜਾਬ ਦੀ ਕਾਲ ਹੋਵੇ । ਇਥੇ ਭੀ ਝੱਟ ਕਾਰ ਲੈ ਕੇ ਅੱਗੇ ਹੋ ਤੁਰਦੇ ਸਨ ।

ਸਾਥੀ ਬਾਸੀ ਸਿਰਫ 'ਲੋਕਤਾ' ਦੇ ਹੀ ਬਾਨੀ ਨਹੀਂ ਬਲਕਿ ਲੋਕਾਂ ਦੇ ਮਸਲਿਆਂ ਤੇ ਤਕਲੀਫਾਂ ਨੂੰ ਸਮਝਦੇ ਹੋਏ, ਦੂਜੇ ਸਾਥੀਆਂ ਅਮਰਜੀਤ ਸੂਫੀ, ਮੁਹਿੰਦਰ ਸੂਮਲ, ਜਸਪਾਲ ਸੰਧੂ ਅਤੇ ਦਲਜੀਤ ਸਿੰਘ ਕਲਿਆਣਪੁਰੀ ਆਦਿ ਨੂੰ ਨਾਲ ਲੈ ਕੇ 1977 ਵਿਚ ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਸਥਾਪਤ ਕੀਤੀ । ਸਾਥੀ ਬਾਸੀ ਇਸ ਦੇ ਪਹਿਲੇ ਸਕੱਤਰ ਚੁਣੇ ਗਏ । ਇਹ ਸਭਾ ਬਰੌਡ ਤੇ ਅਗਾਂਹਵਧੂ ਜਥੇਬੰਦੀ ਹੈ (ਜਿਵੇਂ ਇੰਗਲੈਂਡ ਵਿਚ ਭਾਰਤੀ ਮਜ਼ਦੂਰ ਸਭਾ) । ਇਸ ਦੇ ਮੰਤਵਾਂ ਦਾ ਸਾਰਅੰਸ਼ ਹੈ ਕਿ ਦੂਜੇ ਮਜ਼ਦੂਰਾਂ ਨਾਲ ਸਹਿਯੋਗ ਕਰੇ, ਬਸਤੀਵਾਕ, ਨਵਬਸਤੀਵਾਦ, ਨਸਲਵਾਦ ਅਤੇ ਲੋਟੂ ਸਿਸਟਮ ਨੂੰ ਨੰਗਿਆਂ ਤੇ ਵਿਰੋਧ ਕਰੇ; ਭਾਰਤ ਤੇ ਭਾਰਤੀ ਅਗਾਂਹ ਵਧੂ ਸਭਿਆਚਾਰ ਨੂੰ ਬੜੌਤੀ ਦੇਵੇ, ਅਗਾਂਹ ਵਧੂ ਲਹਿਰਾਂ ਦਾ ਸਮਰਥਨ ਕਰੇ ਤੇ ਲੋਕ ਹਿਤੂ ਕੰਮਾਂ ਵਿਚ ਹਿੱਸਾ ਪਾਵੇ, ਟਰੇਡ ਯੂਨੀਅਨ ਦੀ ਮਜ਼ਬੂਤੀ ਲਈ ਪ੍ਰੇਰਨਾ ਕਰੇ ਅਤੇ ਸਾਨੂੰ ਆਪਣੀ ਹੋਂਦ (ਆਈਡੈਂਨਟਿਟੀ) ਕਾਇਮ ਰੱਖਣ ਵਿਚ ਮੱਦਦ ਕਰੇ ਆਦਿ । ਜਿਵੇਂ ਇੰਗਲੈਂਡ ਵਿਚ 1938 ਤੋਂ ਲੈ ਕੇ ਭਾਰਤੀ ਮਜ਼ਦੂਰ ਸਭਾ ਲੋਕ ਤੇ ਦੇਸ਼ ਹਿਤੂ ਅਤੇ ਸਰਮਾਏਦਾਰ ਸਾਮਰਾਜ ਵਿਰੋਧੀ ਰੋਲ ਅਦਾ ਕਰਦੀ ਰਹੀ ਹੈ, ਇਸ ਹੀ ਤਰ੍ਹਾਂ ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਨੇ ਭੀ ਇਸ ਹੀ ਤਰ੍ਹਾਂ ਦੀਆਂ ਵਧੀਆਂ ਪਿਰਤਾਂ ਪਾਈਆਂ ਹਨ । ਇਥੇ ਸਿਰਫ ਨਸਲਵਾਦ ਦੇ ਵਿਰੁਧ ਤੇ ਅਮਨ ਤੇ ਮਜ਼ਦੂਰਾਂ ਦੇ ਇਤਿਹਾਸਕ ਮਈ ਦਿਵਸ ਵਿਚ ਹੀ ਹਿੱਸਾ ਨਹੀਂ ਲਿਆ ਬਲਕਿ ਦੱਖਣੀ ਅਫਰੀਕਾ ਦੀ ਨਸਲਵਾਦੀ ਨੀਤੀ ਦੇ ਖੰਡਨ, ਲੋਕਾਂ ਦੇ ਘਰਾਂ, ਸਮਾਜਿਕ ਸੇਵਾਵਾਂ ਤੇ ਫਰੀ ਟਰੇਡ ਆਦਿ ਦੇ ਮਸਲੇ ਤੇ ਪਬਲਿਕ ਮੀਟਿੰਗਾਂ ਆਦਿ ਕੀਤੀਆਂ । ਇਹਨਾਂ ਉਪਰ ਦੱਸੇ ਸਭ ਕੰਮਾਂ ਵਿਚ ਸਾਥੀ ਬਾਸੀ ਨੇ ਮੋਹਰਲੀ ਕਤਾਰ ਵਿਚ ਦੂਜਿਆਂ ਨਾਲ ਰਲ ਕੇ ਅਹਿਮ ਤੇ ਇਤਿਹਾਸਕ ਰੋਲ ਅਦਾ ਕੀਤਾ ਹੈ ।

1984 ਤੋਂ ਪੰਜਾਬ ਦੀਆਂ ਦਰਦਨਾਕ ਘਟਨਾਵਾਂ ਦੇ ਮਸਲੇ ਤੇ ਸਾਥੀ ਬਾਸੀ ਨੇ ਦੂਜੇ ਸਾਥੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕਾਂਗਰਸ ਸਰਕਾਰ ਦੀਆਂ ਮਾਰੂ ਤੇ ਫਿਰਕੂ ਨੀਤੀਆਂ ਦਾ ਖੰਡਨ ਕੀਤਾ । ਪਰ ਨਾਲ ਹੀ ਦੇਸ਼ ਦੇ ਅਤਿਵਾਦੀ ਵਖਵਾਦੀ ਸਿਖਾਂ ਵਲੋਂ ਭਾਰਤ ਨੂੰ ਅਸਥਿਰ ਕਰਨ ਅਤੇ ਭਰਾਤਰੀ ਸਦ ਭਾਵਨਾ ਵਿਚ ਜ਼ਹਿਰ ਘੋਲਣ ਦੇ ਘਿਨਾਉਣੇ ਐਕਸ਼ਨਾਂ ਦੀ 'ਲੋਕਤਾ' ਤੇ ਈਸਟ ਇੰਡੀਅਨ ਵਰਕਰਜ਼ ਐਸੋ: ਰਾਹੀਂ ਜਥੇਬੰਦਕ ਢੰਗ ਨਾਲ ਡਟਵਾਂ ਵਿਰੋਧ ਕੀਤਾ । ਇਥੇ ਕੈਨੇਡਾ ਵਿਚ ਜਿਥੇ ਹੋਰ ਵਿਅਕਤੀਆਂ ਜਿਵੇਂ ਖਾਸ ਕਰ ਉਜੱਲ ਦੁਸਾਂਝ ਤੇ ਕੁਝ ਹੋਰ ਵਿਅਕਤੀਆਂ ਨੇ ਇਸ ਘਿਨਾਉਣੀ ਫਿਰਕੂ, ਮੂਲਵਾਦੀ ਤੇ ਵਖਵਾਦੀ ਜ਼ਹਿਰ ਦਾ ਵਿਰੋਧ ਕੀਤਾ । ਪਰ ਉਥੇ ਇਹ ਇਤਿਹਾਸਕ ਤੌਰ ਤੇ ਸਚਾਈ ਵਾਲੀ ਅਹਿਮ ਗੱਲ ਹੈ ਕਿ ਸਾਥੀ ਬਾਸੀ ਤੇ ਅਸੀਂ ਹੋਰ ਸਾਥੀ ਹੀ ਹਾਂ ਜਿਹਨਾਂ ਨੇ ਅਤਿਵਾਦ ਤੇ ਵਖਵਾਦ ਅਤੇ ਉਹਨਾਂ ਦੀਆਂ ਦੇਸ਼ ਗਦਾਰੀ ਦੀਆਂ ਹਰਕਤਾਂ ਦਾ ਜਥੇਬੰਦਕ ਢੰਗ ਨਾਲ ਕੈਨੇਡਾ ਪੱਧਰ ਤੇ ਖੰਡਨ ਤੇ ਵਿਰੋਧ ਕੀਤਾ । ਸੋ ਇਸ ਦਾ ਮਾਣ ਸਾਥੀ ਬਾਸੀ ਤੇ ਹੋਰ ਨਾਲ ਦੇ ਸਾਥੀਆਂ ਨੂੰ ਜਾਂਦਾ ਹੈ ਜੋ 'ਲੋਕਤਾ' ਤੇ ਈਸਟ ਇੰਡੀਅਨ ਵਰਕਰਜ਼ ਐਸੋ: ਵਿਚ ਜਥੇਬੰਦਕ ਢੰਗ ਨਾਲ ਕੰਮ ਕਰਦੇ ਹਨ । 1978 ਤੋਂ ਇਹਨਾਂ ਜਥੇਬੰਦੀਆਂ ਵਿਚ ਸਾਥੀ ਬਾਸੀ ਦੇ ਨਾਲ ਗੁਰਨਾਮ ਸਿੰਘ ਸੰਘੇੜਾ, ਸੁਰਿੰਦਰ ਸੰਘਾ, ਅਮਰਜੀਤ ਸੂਫੀ, ਮੁਹਿੰਦਰ ਸੂਮਲ, ਜਸਪਾਲ ਸੰਧੂ, ਜੀਤ ਸਿੰਘ ਅਣਖੀ, ਬਲਬੀਰ ਜੌਹਲ, ਕੇਵਲ ਧਾਲੀਵਾਲ, ਸੁਰਜੀਤ ਸੋਹਲ, ਨਿਰਮਲ ਢੀਨਸਾ ਟਰਾਂਟੋ, ਜੀਤਾ ਸੰਧੂ ਤੇ ਤਰਸੇਮ ਸਿੰਘ ਵਿਲੀਅਮਜ਼ਲੇਕ ਤੇ ਹੋਰ ਸਾਥੀਆਂ (ਉਹਨਾਂ ਦੇ ਨਾਮ ਨਾ ਦੇਣ ਦਾ ਇਹ ਭਾਵ ਨਹੀਂ ਕਿ ਉਹ ਘੱਟ ਅਹਿਮ ਹਨ) ਨੇ ਸਰਗਰਮ ਤੇ ਅਹਿਮ ਰੋਲ ਅਦਾ ਕੀਤਾ । ਜਦੋਂ 1976 ਵਿਚ ਇਹਨਾਂ ਨੇ ਲੋਕਤਾ ਆਰੰਭ ਕੀਤੀ ਤਾਂ ਸਾਨੂੰ ਇੰਗਲੈਂਡ ਵਿਚ ਭਾਰਤੀ ਮਜ਼ਦੂਰ ਸਭਾ ਨੂੰ ਕਾਪੀਆਂ ਭੇਜੀਆਂ ਤੇ ਸਲਾਹ ਪੁਛੀ । ਇਸ ਤਰ੍ਹਾਂ ਇਥੇ ਈਸਟ ਇੰਡੀਅਨ ਵਰਕਰਜ਼ ਐਸੋ: ਬਣਾਉਣ ਤੋਂ ਪਹਿਲਾਂ ਮੈਨੂੰ (ਭਾਰਤੀ ਮਜ਼ਦੂਰ ਸਭਾ ਗਰੇਟ ਬ੍ਰਿਟਿਨ ਦੇ ਜਨਰਲ ਸਕੱਤਰ ਦੇ ਤੌਰ ਤੇ) ਚਿੱਠੀ ਲਿਖੀ ਤੇ ਸਲਾਹ ਪੁੱਛੀ ਜੋ ਅਸੀਂ ਕੇਂਦਰ ਕਮੇਟੀ ਨਾਲ ਵਿਚਾਰ ਕੇ ਵਾਪਸ ਰਾਏ ਦਿੱਤੀ । ਪਰ ਇਹ ਸਾਰੇ ਸਾਥੀ ਆਪ ਹੀ ਸਿਆਣੇ ਤੇ ਸੂਝਵਾਨ ਸਨ ।

ਸਾਥੀ ਬਾਸੀ ਨਰਮ ਤਬੀਅਤ, ਬੜਾ ਸ਼ਾਂਤ ਤੇ ਸਬਰ ਵਾਲਾ ਅਤੇ ਟੈਕਟੀਸ਼ੀਅਨ ਸਨ । ਯੁਧਨੀਤੀ ਨੂੰ ਸਮਝਦਾ ਸੀ । ਉਹ ਮਾਰਕਸਵਾਦ ਲੈਨਿਨਵਾਦ ਨਾਲ ਬਚਨਬੱਧ ਅਤੇ ਪਾਰਟੀ ਦਾ ਵਫਾਦਾਰ ਸੀ । ਉਹ ਇਹ ਭਲੀ ਭਾਂਤ ਸਮਝਦਾ ਸੀ ਕਿ ਸਰਮਾਏਦਾਰੀ ਪ੍ਰਬੰਧ ਮਜ਼ਦੂਰਾਂ ਦੀ ਲੁੱਟੀ ਹੋਈ ਮਿਹਨਤ ਸ਼ਕਤੀ ਤੇ ਪਲਦਾ ਤੇ ਉਸਰਦਾ ਹੈ । ਭਾਵੇਂ ਛੋਟੀਆਂ ਜਿੱਤਾਂ ਤੇ ਸੁਧਾਰਾਂ ਦੀ ਲੋੜ ਹੈ ਪਰ ਅੰਤਮ ਤੌਰ ਤੇ ਮਜ਼ਦੂਰ ਦੀ ਸਰਦਾਰੀ ਹੇਠ ਵਾਲਾ ਵਿਗਿਆਨਕ ਸਮਾਜਵਾਦ ਤੇ ਚਲਣ ਵਾਲਾ ਪ੍ਰਬੰਧ ਹੀ ਮਜ਼ਦੂਰ ਕਿਸਾਨ ਤੇ ਘੱਟ ਗਿਣਤੀਆਂ ਦੇ ਮਸਲਿਆਂ ਦਾ ਹੱਲ ਕਰੇਗਾ । ਕਈ ਲੋਕ ਇਹ ਤਾਂ ਸਮਝਦੇ ਹਨ ਕਿ ਸਮਾਜ ਵਿਚ ਗੰਭੀਰ ਨੁਕਸ ਹੈ ਤੇ ਬਦਲੀ ਦੀ ਲੋੜ ਹੈ ਪਰ ਇਹ ਨਹੀਂ ਪਤਾ ਕਿ ਬਦਲੀ ਕਿਵੇਂ ਤੇ ਕਿਸ ਵਿਚਾਰਧਾਰਾ ਨਾਲ ਲਿਆਂਦੀ ਜਾਵੇ । ਸਾਥੀ ਬਾਸੀ ਇਸ ਬਾਰੇ ਸਮਝ ਰਖਦਾ ਸੀ ਕਿ ਸਮਾਜ ਨੂੰ ਕਿਵੇਂ ਬਦਲਿਆ ਜਾਵੇ । ਉਸ ਇਨਸਾਨ ਨੂੰ ਯਾਦ ਕੀਤਾ ਜਾਂਦਾ ਹੈ ਜਿਸ ਨੇ ਸਮਾਜ ਲਈ ਕੋਈ ਚੰਗੇ ਕੰਮ ਕੀਤੇ ਹੋਣ । ਉਹ ਕੰਮ ਹੀ ਚੰਗੇ ਸਮਝੇ ਜਾਂਦੇ ਹਨ ਜੋ ਦੱਬੀ ਕੁਚਲੀ ਬਹੁ-ਗਿਣਤੀ ਦੀ ਲੋਕਾਈ ਦੀ ਭਲਾਈ ਲਈ ਸਹਾਈ ਹੁੰਦੇ ਹੋਣ । ਚੰਗੇ ਕੰਮ ਤਦ ਹੀ ਕੀਤੇ ਜਾਂਦੇ ਹਨ ਜੇ ਮਸਲੇ ਬਾਰੇ ਸਮਝ ਹੋਵੇ ਤੇ ਉਸ ਲਈ ਅਗਾਂਹ ਵਧੂ ਕਲਿਆਣਕਾਰੀ ਵਿਚਾਰਧਾਰਾ ਦਾ ਗਿਆਨ ਹੋਵੇ ਤੇ ਉਸ ਵਿਚਾਰਧਾਰਾ ਤੇ ਅਮਲ ਵਿਚ ਦ੍ਰਿੜ ਵਿਸ਼ਵਾਸ਼ ਹੋਵੇ । ਸਾਥੀ ਬਾਸੀ ਵਿਚ ਇਹ ਗੱਲ ਸੀ । ਉਹ ਅਸਲੀ ਬੁਨਿਆਦ ਤੇ ਉਸ ਨਾਲ ਸੰਬੰਧਤ ਉਪਰਲੇ ਢਾਂਚੇ ਦੇ ਆਪਸੀ ਸੰਬੰਧਾਂ ਨੂੰ ਸਮਝਦਾ ਸੀ । ਇਸ ਕਰਕੇ ਉਸ ਦਾ ਰੋਲ ਸਦਾ ਹੀ ਲੋਕ ਹਿਤੂ ਰਿਹਾ । ਸਗੋਂ ਆਪਣੇ ਪਰਿਵਾਰ ਨੂੰ ਭੀ ਨਾਲ ਜੋੜਿਆ । ਪਾਰਟੀ ਤੇ ਪਾਰਟੀ ਮੈਂਬਰਾਂ ਨੂੰ ਹੀ ਪਰਿਵਾਰ ਸਮਝਦਾ ਸੀ । ਕੋਈ ਵਿਅਕਤੀ ਸੰਪੂਰਨ ਤੇ ਨੁਕਸ ਰਹਿਤ ਨਹੀਂ । ਬੰਦਾ ਆਲੇ ਦੁਆਲੇ ਤੋਂ ਅਮਲ ਤੇ ਗਿਆਨ ਦੇ ਅਮਲ ਤੇ ਅੰਤਰ-ਅਮਲ ਸਿਖ ਕੇ ਅੱਗੇ ਵਧਦਾ ਹੈ । ਜਿਸ ਵਿਚ ਅਵਗੁਣ ਘੱਟ ਹਨ ਤੇ ਸਿੱਖ ਕੇ ਘਟਾਉਂਦਾ ਜਾਂਦਾ ਹੈ ਅਤੇ ਗੁਣ ਜ਼ਿਆਦਾ ਹਨ, ਉਹ ਚੰਗਾ ਪੁਰਸ਼ ਹੈ । ਸਾਥੀ ਬਾਸੀ ਬਹੁਤ ਚੰਗਾ ਵਿਅਕਤੀ ਤੇ ਮਨੁੱਖ ਸੀ । ਚੰਗਾ ਪਤੀ ਤੇ ਬਲਜੀਤ ਤੇ ਨਵਤੇਜ ਦਾ ਚੰਗਾ ਬਾਪ ਅਤੇ ਵੱਡੇ ਭਾਈ ਕਰਨੈਲ ਸਿੰਘ (ਨੌਟੀਗਮ) ਦਾ ਚੰਗਾ ਭਾਈ ਭੀ ਸੀ ।

ਸੋ ਅੰਤਮ ਤੌਰ ਤੇ ਚੰਗਾ ਵਿਅਕਤੀ ਤੇ ਬਚਨਬੱਧ ਮਾਰਕਸਵਾਦੀ ਸੀ । ਉਸ ਨੇ ਲੋਕਤਾ ਅਤੇ ਈਸਟ ਇ: ਵਰ: ਐਸੋ: ਨੇ ਮੋਹਰੇ ਹੋ ਕੇ ਸਥਾਪਤ ਕਰਕੇ ਬਹੁਤ ਵੱਡੀ ਦੇਣ ਦਿੱਤੀ ਹੈ । ਉਸ ਦੀ ਯਾਦ ਤੇ ਉਸ ਨੂੰ ਇਹ ਹੀ ਵਧੀਆ ਸ਼ਰਧਾਂਜਲੀ ਹੋਵੇਗੀ ਕਿ ਇਹ ਸੰਸਥਾਵਾਂ ਦਾ ਹੋਰ ਪਸਾਰ ਤੇ ਉਨਤੀ ਹੋਵੇ ਅਤੇ ਲੋਕ ਹਿਤਾਂ ਲਈ ਅਡੋਲ ਹੋ ਕੇ ਘੋਲ ਕਰਦੀਆਂ ਹੋਈਆਂ ਅੱਗੇ ਹੀ ਵਧਦੀਆਂ ਤੇ ਮਜ਼ਬੂਤ ਹੁੰਦੀਆਂ ਜਾਣ । ਬੰਦਾ ਆਪਣੇ ਚੰਗੇ ਕੰਮਾਂ ਨਾਲ ਜਿਉਂਦਾ ਹੈ ਅਤੇ ਸਾਥੀ ਬਾਸੀ 'ਲੋਕਤਾ' ਤੇ ਈ: ਇ: ਵਰ: ਐਸੋ: ਤੇ ਇਨ੍ਹਾਂ ਸੰਸਥਾਵਾਂ ਦੇ ਕੰਮਾਂ ਰਾਹੀਂ ਜਿਉਂਦਾ ਹੈ । ਵਾਅਦਾ ਕਰਦੇ ਹਾਂ ਕਿ ਇਹਨਾਂ ਸੰਸਥਾਵਾਂ ਨੂੰ ਹੋਰ ਅਗੇ ਲਿਜਾਣ ਲਈ ਪੂਰੇ ਯਤਨ ਕਰਾਂਗੇ ਅਤੇ ਮਜ਼ਦੂਰ ਏਕੇ ਤੇ ਭਾਰਤੀ ਅਖੰਡਤਾ ਲਈ ਪੂਰੀ ਦ੍ਰਿੜਤਾ ਨਾਲ ਮੋਹਰਲੀਆਂ ਕਤਾਰਾਂ ਵਿਚ ਖੜ ਕੇ ਘੋਲ ਕਰਦੇ ਰਹਾਂਗੇ । ।

# ਕਾਲੇ ਪੀਲੇ ਹੱਥ

ਕਹਾਣੀ

## *ਸ਼ਿਵਦੇਵ ਸੰਧਾਵਾਲੀਆ*

ਉਹ ਇਕ ਐਸੀ ਆਵਾਜ਼ ਸੀ। ਜੋ ਹਨੇਰੇ ਵਿਚ ਬਿਜਲੀ ਵਾਂਗ ਲਿਸ਼ਕਦੀ ਸਾਨੂੰ ਰਾਹ ਵਖਾਉਂਦੀ ਸੀ। ਨਿਰਾਸਤਾ ਦੇ ਛਾਏ ਬੱਦਲਾਂ ਨੂੰ ਚੀਰਦੀ ਸੀ। ਜਿਸਨੂੰ ਸੁਣ ਕੇ ਸਾਡੇ ਮਾਯੂਸ ਚਿਹਰਿਆਂ ਉਤੇ ਜ਼ਿੰਦਗੀ ਪਰਤ ਆਉਂਦੀ ਸੀ। ਸਾਡੇ ਅੰਦਰ ਜ਼ੁਲਮ ਬੇਇਨਸਾਫੀ ਤੇ ਮੁਸੀਬਤ ਦੇ ਖਿਲਾਫ ਟੱਕਰ ਲੈਣ ਲਈ ਨਵਾਂ ਜੋਸ਼ ਭਰਦੀ ਸੀ। ਅਤੇ ਉਹ ਆਵਾਜ਼ ਸੀ ਇੰਡੀਆ ਨੰਬਰ ਵਨ, ਇੰਡੀਆ ਨੰਬਰ ਵਨ ਜਿਸ ਨੂੰ ਸੁਣ ਕੇ ਖੁਸ਼ੀ ਨਾਲ ਸਾਡੇ ਚਿਹਰੇ ਟਹਿਕ ਉਠਤੇ।

ਅਤੇ ਜਿਸ ਦਿਨ ਇਹ ਆਵਾਜ਼ ਸਾਡੇ ਕੰਨਾਂ ਵਿਚ ਨਾ ਪੈਂਦੀ। ਸਾਨੂੰ ਇਉਂ ਲਗਦਾ ਜਿਵੇਂ ਕੋਈ ਕੀਮਤੀ ਚੀਜ਼ ਜੰਗਲ ਵਿਚ ਗੁਆਚ ਗਈ ਹੋਵੇ। ਸਾਡੀ ਹਾਲਤ ਹੋਰ ਵੀ ਨਿੱਘਰ ਜਾਂਦੀ। ਸਾਡੀ ਚਾਲ ਇਸ ਤਰਾਂ ਹੋ ਜਾਂਦੀ ਜਿਵੇਂ ਕਬਰਸਤਾਨ ਵਿਚੋਂ ਉਠ ਕੇ ਤੁਰੇ ਜਾ ਰਹੇ ਹੋਈਏ।

ਏਡੀ ਵੱਡੀ ਦੁਨੀਆਂ ਦੇ ਮੇਲੇ ਵਿਚ ਅਸੀਂ ਇਕ ਉਸ ਬੱਚੇ ਵਾਂਗ ਰੋਂਦੇ ਫਿਰ ਰਹੇ ਸਾਂ ਜੋ ਆਪਣੇ ਮਾਂ ਪਿਉ ਦੀ ਉਂਗਲੀ ਛੁਡਾ ਕੇ ਰਾਹ ਭੁਲ ਗਿਆ ਹੋਵੇ। ਹਾਲਾਤ ਨੇ ਸਾਨੂੰ ਦੋਹਰੀ ਗੁਲਾਮੀ ਦਾ ਸ਼ਿਕਾਰ ਬਣਾ ਦਿਤਾ ਸੀ। ਪਹਿਲਾਂ ਸਾਨੂੰ ਅੰਗਰੇਜ਼ ਨੇ ਟਕਿਆਂ ਜਿਹੀ ਤਨਖਾਹ ਤੇ ਭਰਤੀ ਕਰ ਕੇ ਬਰੈਕਾਂ ਵਿਚ ਲੜਨ ਮਰਨ ਲਈ ਲਿਆ ਸੁਟਿਆ ਸੀ। ਅਤੇ ਹੁਣ ਸਾਨੂੰ ਜਾਪਾਨੀ ਫੌਜੀ ਜੰਗੀ ਕੈਦੀ ਬਣਾ ਕੇ ਕੁਲੀਆਂ ਵਾਂਗ ਲਈ ਫਿਰਦੇ ਸਨ।

ਜਿਹੜੇ ਅੰਗਰੇਜ਼ ਦੇ ਰਾਜ ਵਿਚ ਆਖਦੇ ਸਨ ਸੂਰਜ ਨਹੀਂ ਡੁਬਦਾ ਸੀ, ਦੂਸਰੀ ਵੱਡੀ ਜੰਗ ਵਿਚ ਹੁਣ ਜਾਪਾਨੀਆਂ ਨੇ ਆ ਕੇ ਸਿੰਗਾਪੁਰ ਵਿਚ ਡੋਬ ਦਿਤਾ ਸੀ ਅਤੇ ਆਪਣਾ ਲਾਲ ਰੰਗ ਦੇ ਗੋਲ ਚੰਦ ਵਾਲਾ ਸੂਰਜ ਚੜ੍ਹਾ ਦਿਤਾ ਸੀ। ਜਿਸ ਤਰਾਂ ਉਡਦੇ ਪੰਛੀਆਂ ਨੂੰ ਸ਼ਿਕਾਰੀ ਬੰਦੂਕ ਦਾ ਫਾਇਰ ਕਰ ਕੇ ਥੱਲੇ ਸੁਟ ਲੈਂਦਾ ਹੈ। ਉਸ ਤਰਾਂ ਦੂਰ ਪੂਰਬ ਏਸ਼ੀਆ ਵਿਚ ਬੇਸ਼ੁਮਾਰ ਟਾਪੂ ਜਾਪਾਨੀਆਂ ਦੇ ਕਦਮਾਂ ਵਿਚ ਆ ਕੇ ਡਿਗ ਪਏ ਸਨ। ਅੰਗਰੇਜ਼, ਆਸਟਰੇਲੀਅਨ ਅਤੇ ਹਿੰਦੁਸਤਾਨੀ ਲੱਖਾਂ ਸਿਪਾਹੀਆਂ ਨੇ ਹਥਿਆਰ ਸੁਟ ਦਿਤੇ ਸਨ ਅਤੇ ਜਾਪਾਨੀ ਲੋਕ ਹੁਣ ਸਾਨੂੰ ਛੋਟੀਆਂ ਛੋਟੀਆਂ ਟੁਕੜੀਆਂ ਵਿਚ ਵੰਡ ਕੇ ਦੂਰ ਦੁਰ ਤਕ ਕੰਮ ਕਰਨ ਲਈ ਲੈ ਆਏ ਸਨ।

ਜਾਵਾ ਸੁਮਾਟਰਾ, ਬੋਰਨੀਓ, ਫਿਲੀਪਾਈਨ ਮਨੀਲਾ ਤੋਂ ਹੁੰਦੇ ਹੋਏ ਜਾਪਾਨੀ ਫੌਜੀ ਆਸਟਰੇਲੀਆ ਦੇ ਉਤਰ ਵਲ ਨੀਊ ਗਿਣੀ ਦੇ ਟਾਪੂ ਉਤੇ ਕਾਬਜ਼ ਹੋ ਚੁਕੇ ਸਨ। ਸ਼ਾਂਤ ਮਹਾਂ ਸਾਗਰ ਵਿਚ ਦੂਰ ਪੂਰਬ ਦੇ ਕਈ ਹਜ਼ਾਰ ਨਿੱਕੇ ਨਿੱਕੇ ਜਜ਼ੀਰੇ ਪਾਣੀ ਵਿਚ ਇਸ ਤਰਾਂ ਖਿਲਰੇ ਹੋਏ ਨਜ਼ਰ ਆਉਂਦੇ ਸਨ। ਜਿਵੇਂ ਜਹਾਜ਼ ਡੁੱਬ ਜਾਣ ਮਗਰੋਂ ਨਿੱਕਾ ਮੋਟਾ ਸਾਮਾਨ ਪਾਣੀ ਉਤੇ ਤੈਰਨ ਲਗ ਜਾਂਦਾ ਹੈ।

ਸਿੰਗਾਪੁਰ ਤੋਂ ਚਲ ਕੇ ਸਮੁੰਦਰੀ ਜਹਾਜ਼ ਰਾਹੀਂ ਦੋ ਮਹੀਨੇ ਬਾਦ ਜਿਸ ਟਾਪੂ ਉਤੇ ਸਾਡੇ ਪੈਰ ਜ਼ਮੀਨ ਨਾਲ ਲਗੇ, ਉਸ ਦਾ ਨਾਮ ਨੀਊ ਬਿਰਟੇਨ ਸੀ। ਨੇੜੇ ਨੇੜੇ ਹੋਰ ਵੀ ਅਨੇਕਾਂ ਟਾਪੂ ਸਨ। ਨੀਊ ਗਿਣੀ, ਨੀਊ ਆਇਰਲੈਂਡ, ਐਡਮਿਰਾਲਟੀ ਆਈਲੈਂਡ, ਫਿਜੀ ਅਤੇ ਸਾਲੋਮਨ। ਆਈਲੈਂਡ ਇਉਂ ਜਾਪਦਾ ਸੀ ਜਿਵੇਂ ਪੰਜ ਚਾਰ ਸੌ ਸਾਲ ਪਹਿਲਾਂ ਕੋਈ ਯੂਰਪੀਨ ਸੈਰ ਸਪਾਟਾ ਕਰਦਾ ਇਧਰ ਨਿਕਲਿਆ ਹੋਵੇਗਾ ਤੇ ਨਵੇਂ ਨਵੇਂ ਖੂਬਸੂਰਤ ਨਾਮ ਦੇ ਕੇ ਇਹਨਾਂ ਟਾਪੂਆਂ ਉਤੇ ਚਾਰ ਦਿਨ ਰਹਿ ਕੇ ਟੁਰ ਗਿਆ ਹੋਵੇਗਾ। ਜਿਨੇ ਖੂਬਸੂਰਤ ਨਾਵਾਂ ਵਾਲੇ ਟਾਪੂ ਸਨ। ਵੇਖਣ ਵਿਚ ਉਨੇ ਹੀ ਗੰਦੇ ਨਰਕ ਵਰਗੇ ਜੰਗਲਾਂ ਦੇ ਨਾਲ ਭਰੇ ਪਏ ਸਨ। ਜਿਥੇ ਕੋਈ ਸ਼ਹਿਰ ਨਹੀਂ ਸੀ। ਸੜਕਾਂ ਨਹੀਂ ਸਨ। ਵਡੇ ਵਡੇ ਅਜਗਰ ਤੇ ਹੋਰ ਕਈ ਕਿਸਮ ਦੇ ਜੰਗਲੀ ਜਾਨਵਰ ਸਨ। ਉਥੋਂ ਦੇ ਅਸਲੀ ਵਸਨੀਕ ਆਦਮਖੋਰ ਜੰਗਲੀ ਲੋਕ ਸਨ। ਜੋ ਕਈ ਲਖ ਸਾਲ ਪਹਿਲਾਂ ਵਾਲੇ ਜੁਗ ਦੇ ਕਬੀਲੇ ਬਨਮਾਣਸ ਜਾਪਦੇ ਸਨ। ਔਰਤਾਂ ਮਰਦ ਅਲਫ ਨੰਗੇ ਜਾਨਵਰਾਂ ਵਾਂਗੂ ਉਹਨਾਂ ਜੰਗਲਾਂ ਵਿਚ ਤੁਰੇ ਫਿਰਦੇ ਸਨ।

ਨੀਊ ਬਿਰਟੇਨ ਨਾਮ ਦੇ ਟਾਪੂ ਤੇ ਜਿਥੇ ਸਾਨੂੰ ਉਤਾਰਿਆ ਗਿਆ। ਉਸ ਦੇ ਉਤਰ ਵਲ ਇਕ ਰਬਾਲ ਨਾਮ ਦੀ ਬੰਦਰਗਾਹ ਸੀ। ਉਥੇ ਕੁਝ ਕੁ ਵੀਰਾਨ ਬੰਗਲੇ ਜੰਗਲ ਵਿਚ ਉਦਾਸ ਖੜੇ ਜਿਵੇਂ ਸਾਨੂੰ ਹੀ ਉਡੀਕ ਰਹੇ ਸਨ। ਜੰਗ ਤੋਂ ਪਹਿਲਾਂ ਨੀਊਜ਼ੀਲੈਂਡ ਆਸਟਰੇਲੀਆ ਦੇ ਕਈ ਗੋਰੇ ਸੌਦਾਗਰ ਰਹਿੰਦੇ ਸਨ। ਜੋ ਸਟੀਮਰਾਂ ਵਿਚ ਨਾਰੀਅਲ ਭਰ ਕੇ ਦੁਨੀਆਂ ਭਰ ਵਿਚ ਤੇਲ ਦਾ ਵਿਉਪਾਰ ਕਰਦੇ ਸਨ। ਪਰ ਹੁਣ ਉਹ ਜਾਪਾਨੀਆਂ ਦੀ ਕੈਦ ਵਿਚ ਸਨ।

ਗੁਲਾਮੀ ਅਤੇ ਆਜ਼ਾਦੀ ਦੇ ਵਿਚਕਾਰ ਕੋਈ ਵੇਖਣ ਨੂੰ ਦੀਵਾਰ ਭਾਵੇਂ ਨਜ਼ਰ ਨਹੀਂ ਆਉਂਦੀ ਸੀ। ਪਰ ਕੋਈ ਚੀਜ਼ ਇਸ ਤਰਾਂ ਦੀ ਜ਼ਰੂਰ ਹੈ ਸੀ। ਜਿਸ ਨੂੰ ਟੱਪ ਕੇ ਪਾਰ ਕਰਨ ਲਈ ਸਿਰ ਤਲੀ ਤੇ ਰਖਣਾ ਪੈਂਦਾ ਸੀ। ਪਹਿਲਾਂ ਸਾਨੂੰ ਅੰਗਰੇਜ਼ ਏਸ ਉਲੰਘਣਾ ਕਰਨ ਦੀ ਸਜ਼ਾ ਫਾਂਸੀਆਂ ਤੇ ਚਾੜ੍ਹ ਕੇ ਸਾਡੇ ਦੇਸ਼ ਭਗਤਾਂ ਨੂੰ ਦੇਂਦੇ ਸਨ ਤੇ ਹੁਣ ਜਾਪਾਨੀ ਵੀ ਉਹੀ ਕੁਝ ਸਲੂਕ ਸਾਡੇ ਨਾਲ ਕਰ ਰਹੇ ਸਨ।

15 ਫਰਵਰੀ 1942 ਨੂੰ ਸਿੰਗਾਪੁਰ ਜਾਪਾਨੀਆਂ ਨੇ ਫਤਿਹ ਕੀਤਾ। ਪਹਿਲਾ ਸਾਲ ਜਨਰਲ ਮੋਹਨ ਸਿੰਘ ਦੀ ਅਜ਼ਾਦ ਹਿੰਦ ਫੌਜ ਵਿਚ ਸ਼ਾਮਿਲ ਹੋ ਕੇ ਸਿਰਫ ਆਜ਼ਾਦੀ ਦਾ ਮਾਣਿਆ ਸੀ ਕਿ ਪਤਾ ਨਹੀਂ ਜਾਪਾਨੀਆਂ ਨਾਲ ਮੋਹਨ ਸਿੰਘ ਦੀ ਕਿਹੜੀ ਗਲੋਂ ਵਿਗੜ ਗਈ। ਉਹਨਾਂ ਮੋਹਨ ਸਿੰਘ ਨੂੰ ਫੜ ਕੇ ਜਾਵਾ ਸੁਮਾਟਰਾ ਵਿਚ ਕੈਦ ਕਰ ਲਿਆ ਤੇ ਅਸੀਂ ਲੋਕ ਪਿਛੇ ਯਤੀਮਾਂ ਵਾਂਗ ਰਹਿ ਗਏ। ਜਾਪਨੀਆਂ ਨੇ ਸਾਨੂੰ ਵੀ ਜੰਗੀ ਕੈਦੀ ਬਣਾ ਕੇ ਜਾਨਵਰਾਂ ਵਾਂਗੂ ਅਗੇ ਹਿੱਕ ਲਿਆ ਤੇ ਇਧਰ ਲੈ ਆਏ।

ਲਗਾਤਾਰ ਕਈ ਦਿਨਾਂ ਤਕ ਸਮੁੰਦਰੀ ਜਹਾਜ਼ ਦੇ ਸਫਰ ਵਿਚ ਹੁਲਾਰੇ ਖਾਂਦਿਆਂ ਸਾਡੇ ਪੈਰ ਥਿੜਕ ਰਹੇ ਸਨ ਅਤੇ ਹੁਣ ਖੁਸ਼ਕੀ ਤੇ ਉਤਰਣ ਤੋਂ ਬਾਦ ਵੀ ਐਉਂ ਲਗ ਰਿਹਾ ਸੀ ਕਿ ਜਿਸ ਤਰਾਂ ਭੁਚਾਲ ਨਾਲ ਜ਼ਮੀਨ ਵੀ ਹਿਲ ਰਹੀ ਹੋਵੇ।

ਏਥੇ ਜਾਪਾਨੀ ਸਮੁੰਦਰ ਦੇ ਕੰਢੇ ਇਕ ਲਕੜੀ ਦਾ ਡੌਕ ਬਣਾ ਰਹੇ ਸਨ। ਜਿਸ ਦੇ ਨਾਲ ਕਿਸ਼ਤੀਆਂ ਤੇ ਖਲੋ ਕੇ ਸਾਮਾਨ ਉਤਾਰਿਆ ਜਾਣਾ ਸੀ। ਹੁਣ ਸਾਡੇ ਕੈਦੀ ਲੋਕਾਂ ਨੂੰ ਸੌ ਸੌ ਪੰਜਾਹ ਪੰਜਾਹ ਦੀਆਂ ਟੁਕੜੀਆਂ ਵਿਚ ਖਲਾਰ ਦੇ ਕੰਮ ਵੰਡ ਦਿਤਾ ਗਿਆ। ਸਾਡੇ ਹਿਸੇ ਜੰਗਲ ਵਿਚੋਂ ਲਕੜੀ ਵਢ ਕੇ ਲਿਆਉਣ ਦਾ ਕੰਮ ਸੌਂਪਿਆ ਗਿਆ। ਜੋ ਉਥੋਂ ਦਸ ਪੰਦਰਾਂ ਮੀਲ ਦੂਰ ਸੰਘਣੇ ਜੰਗਲ ਦੇ ਵਿਚ ਸੀ ਅਤੇ ਰਸਤੇ ਵਿਚ ਕਾਲੀ ਸਿਆਹ ਦਲ ਦਲ, ਕੰਡੇ ਅਤੇ ਜੰਗਲੀ ਘਾਹ ਪੈਂਦਾ ਸੀ। ਜਾਪਾਨੀਆਂ ਨੇ ਇਕ ਵਾਰ ਨਾਲ ਜਾ ਕੇ ਉਹ ਜਗਾ ਵਿਖਾ ਦਿਤੀ ਸੀ ਅਤੇ ਫੇਰ ਸਾਨੂੰ ਖੁਲਾ ਛੱਡ ਦਿਤਾ ਸੀ। ਪੰਜ ਸਤ ਸੌ ਮੀਲ ਲੰਮੇ ਚੌੜੇ ਕਾਲੇ ਪਾਣੀ ਵਰਗੇ ਜਜ਼ੀਰੇ ਵਿਚੋਂ ਦੌੜ ਕੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਚਾਰੇ ਪਾਸੇ ਝੱਗ ਉਛਾਲਦੀਆਂ ਸਮੁੰਦਰ ਦੀਆਂ ਲਹਿਰਾਂ ਮੂੰਹ ਚੁਕ ਕੇ ਖਾਣ ਨੂੰ ਪੈਂਦੀਆਂ ਸਨ। ਹੁਣ ਇਹ ਟਾਪੂ ਸਾਡੇ ਲਈ ਇਕ ਵਡੀ ਸਾਰੀ ਜੇਹਲ ਬਣ ਗਿਆ ਸੀ।

ਦੋ ਦੋ ਆਦਮੀਆਂ ਨੂੰ ਆਰੀ ਅਤੇ ਕੁਹਾੜਾ ਜਾਪਾਨੀਆਂ ਨੇ ਦੇ ਕੇ ਹੁਕਮ ਇਹ ਸੁਣਾਇਆ ਸੀ ਕਿ ਵੀਹ ਫੁੱਟ ਲੰਮੀ ਅਤੇ ਇਕ ਫੁਟ ਮੋਟੀ ਲਕੜੀ ਸ਼ਾਮ ਤਕ ਕੈਂਪ ਵਿਚ ਹਾਜ਼ਰ ਹੋਣੀ ਚਾਹੀਦੀ ਹੈ। ਜਿਹੜਾ ਇਸ ਤੇ ਅਮਲ ਨਹੀਂ ਸੀ ਕਰਦਾ। ਉਸ ਨੂੰ ਫੜ ਕੇ ਜਾਪਾਨੀ ਸਿਰ ਵੱਢ ਦੇਂਦੇ ਸਨ ਅਤੇ ਦਰਖਤ ਤੇ ਲਟਕਾ ਦੇਂਦੇ ਸਨ। ਜੋ ਕਈ ਕਈ ਹਫਤੇ ਤੇ ਮਹੀਨੇ ਸਾਡੇ ਵਲ ਘੂਰਦਾ ਸਾਨੂੰ ਡਰਾਉਂਦਾ ਰਹਿੰਦਾ ਸੀ। ਜੰਗਲ ਵਿਚ ਸਾਡੇ ਇੱਕਾ ਦੁੱਕਾ ਆਦਮੀਆਂ ਨੂੰ ਆਦਮਖੋਰ ਹਬਸ਼ੀ ਫੜ ਕੇ ਖਾ ਜਾਂਦੇ ਸਨ। ਤੇ ਬਾਹਰ ਕੰਢੇ ਉਤੇ ਜਾਪਾਨੀ ਸਾਡੇ ਨਾਲ

ਇਹ ਤੇਤਾ ਸਲੂਕ ਕਰਦੇ ਸਨ । ਉਨ ਦੀ ਉਤਰਾਈ ਚੜ੍ਹਾਈ ਵਾਂਗ ਸਾਡੇ ਲਈ ਹਰਦਮ ਲਾਹਣਤ ਵਾਲੀ ਹਾਲਤ ਸੀ ।

ਕਾਲੀ ਟਾਹਲੀ ਵਰਗੀ ਉਸ ਜੰਗਲ ਦੀ ਲਕੜੀ, ਲੋਹੇ ਵਾਂਗ ਭਾਰੀ ਹੁੰਦੀ ਸੀ ਜੋ ਪਾਣੀ ਵਿਚ ਵੀ ਡੁਬ ਜਾਂਦੀ ਸੀ । ਲੱਕ ਲੱਕ ਪਾਣੀ ਅਤੇ ਦਲਦਲ ਵਿਚੋਂ ਬੜੀ ਮੁਸ਼ਕਲ ਦੇ ਨਾਲ ਅਸੀਂ ਉਸ ਨੂੰ ਖਿਚ ਕੇ ਬਾਹਰ ਲਿਆਉਂਦੇ ਅਤੇ ਫਿਰ ਜਦੋਂ ਮੋਢਿਆਂ ਤੇ ਚੁਕ ਕੇ ਸਾਨੂੰ ਰੋਜ਼ ਤੁਰਨਾ ਪੈਂਦਾ ਤਾਂ ਭਾਰ ਨਾਲ ਸਾਡੇ ਮੋਢੇ ਛਿਲੇ ਜਾਂਦੇ । ਪਰ ਸ਼ਾਮ ਤਕ ਇਹ ਚੀਜ਼ ਹਰ ਹਾਲਤ ਵਿਚ ਜਾਪਾਨੀਆਂ ਦੇ ਅਗੇ ਹਾਜ਼ਰ ਕਰਨੀ ਪੈਂਦੀ ਸੀ । ਹਾਜ਼ਰੀ ਉਹਨਾਂ ਨੂੰ ਵੀ ਭਰਨੀ ਪੈਂਦੀ ਸੀ । ਪਰ ਇਹਨਾਂ ਦੇ ਬਚਾਓ ਲਈ ਵੀ ਇਕ ਰਾਹ ਨਿਕਲ ਆਇਆ । ਕੈਂਪ ਵਿਚ ਆ ਕੇ ਇਹਨਾਂ ਬਾਰੇ ਜਾਪਾਨੀਆਂ ਨੂੰ ਆਖ ਦਿਤਾ ਕਿ ਉਹ ਮਰ ਗਏ ਹਨ । ਉਹਨਾਂ ਨੂੰ ਜੰਗਲ ਵਿਚ ਦੱਬ ਆਏ ਹਾਂ । ਸ਼ ਤੇ ਨਾਲ ਜਾ ਕੇ ਉਹਨਾਂ ਕੋਲ ਹਰ ਚੀਜ਼ ਵੇਖਣ ਦੀ ਫੁਰਸਤ ਨਹੀਂ ਹੁੰਦੀ ਸੀ । ਏਸ ਤਰਾਂ ਕਰਨ ਨਾਲ ਬੀਮਾਰ ਕੈਦੀ ਦੀ ਜਾਨ ਬਚ ਜਾਂਦੀ ਸੀ ਅਤੇ ਸਾਡੇ ਜਾਣਿਆਂ ਨੂੰ ਉਹ ਲੋਕ ਰੋਜ਼ ਹੀ ਦਰਖਤ ਵੱਢ ਕੇ ਤਿਆਰ ਰਖਦੇ ਸਨ ।

ਖਾਣ ਪੀਣ ਵਾਲੇ ਰਾਸ਼ਨ ਦੀ ਕਮੀ ਸੀ । ਕੋਈ ਕਿਸਮਤ ਵਾਲਾ ਜਹਾਜ਼ ਹੀ ਸਾਮਾਨ ਲੈ ਕੇ ਟੋਕੀਓ ਤੋਂ ਉਥੇ ਪਹੁੰਚਦਾ ਸੀ । ਬਾਕੀ ਸਭ ਨੂੰ ਅਮਰੀਕਨ ਨੇਵੀ ਵਾਲੇ ਰਾਹ ਦੇ ਵਿਚ ਡੋਬ ਦੇਂਦੇ ਸਨ । ਫਿਰ ਵੀ ਜਾਪਾਨੀਆਂ ਦੇ ਆਪਣੇ ਖਾਣ ਜੋਗੇ ਦਾਲ ਚੌਲ ਜਮਾਂ ਰਹਿੰਦੇ ਸਨ। ਪਰ ਸਾਡੇ ਵਾਸਤੇ ਬਿਲਕੁਲ ਨਹੀਂ ਸਾਨੂੰ ਆਪਣਾ ਪੇਟ ਏਧਰ ਉਧਰ ਜੰਗਲੀ ਪੱਤੇ ਜੜਾਂ ਅਤੇ ਫਲ ਖਾ ਕੇ ਭਰਨਾ ਪੈਂਦਾ ਸੀ। ਸਮੁੰਦਰ ਦੇ ਕੰਢੇ ਕੰਢੇ ਨਾਰੀਅਲ ਦੇ ਝੁੰਡ ਸਨ । ਲੇਕਿਨ ਪੱਕਾ ਨਾਰੀਅਲ ਖਾ ਕੇ ਪੇਚਸ਼ ਲਗ ਜਾਂਦੀ ਸੀ । ਇਹਨਾਂ ਦਾ ਤੇਲ ਕੱਢ ਕੇ ਘਿਉ ਵਾਂਗ ਪੀਣ ਦੇ ਕੰਮ ਆ ਜਾਂਦਾ ਸੀ ਤੇ ਕੱਚੇ ਨਰਮ ਨਾਰੀਅਲ ਦੀ ਮਲਾਈ ਵਾਂਗ ਗਿਰੀ ਖਾਣ ਨਾਲ ਕੁਝ ਭੁਖ ਮਿਟਦੀ ਸੀ । ਪਰ ਜਿਹੜੀ ਚੀਜ਼ ਸਾਡੇ ਲਈ ਸਭ ਤੋਂ ਕੀਮਤੀ ਸੀ, ਉਹ ਨਾਰੀਅਲ ਦਾ ਪਾਣੀ ਹੁੰਦਾ ਸੀ । ਜਿਸ ਨੂੰ ਖਾਲੀ ਠੂਠੀਆਂ ਵਿਚ ਕਈ ਕਈ ਦਿਨ ਰਖ ਕੇ ਖੱਟਾ ਕਰ ਲਿਆ ਜਾਂਦਾ ਸੀ । ਇਹ ਲੱਸੀ ਵਰਗਾ ਖੱਟਾ ਪਾਣੀ ਪੀਣ ਨਾਲ ਪੇਚਸ਼ ਬੰਦ ਹੋ ਜਾਂਦੀ ਸੀ । ਜ਼ਖਮਾਂ ਤੇ ਲਾਉਣ ਨਾਲ ਉਹ ਠੀਕ ਹੋ ਜਾਂਦੇ ਸਨ । ਅਤੇ ਨਹਾਉਣ ਲਈ ਸਾਬਣ ਤੇਲ ਦਾ ਕੰਮ ਦੇਂਦਾ ਸੀ । ਲੇਕਿਨ ਮਹਾਤਮਾ ਗਾਂਧੀ ਵਾਲੇ ਏਸ ਕੁਦਰਤੀ ਇਲਾਜ ਦਾ ਤਰੀਕਾ ਸਾਨੂੰ ਬੜੀ ਦੇਰ ਬਾਅਦ ਹਥ ਆਇਆ । ਅਤੇ ਪਹਿਲੀ ਵਾਰੀ ਇਸ ਕਹਾਵਤ ਦਾ ਪਤਾ ਲਗਾ ਕਿ ਜ਼ਰੂਰਤ ਈਜਾਦ ਦੀ ਮਾਂ ਹੁੰਦੀ ਹੈ ।

ਇਹਨਾਂ ਜੰਗਲਾਂ ਵਿਚ ਦੋ ਤਿੰਨ ਖਤਰਨਾਕ ਜਾਨਵਰਾਂ ਨਾਲ ਵੀ ਟਕਰਾ ਕਦੇ ਕਦੇ ਹੋ ਜਾਂਦਾ ਸੀ । ਪਰ ਜੰਗਲੀ ਕਾਈਆਂ ਅਤੇ ਸੂਰ ਕੁਹਾੜੇ ਤੋਂ ਡਰਨ ਲਗ ਪਏ ਸਨ । ਪਰ ਤੀਜੀ ਕਿਸਮ ਦੇ ਜਾਨਵਰ ਉਹਨਾਂ ਜੰਗਲਾਂ ਵਿਚ ਛੋਟੇ ਵੱਡੇ ਵੱਡੇ ਅਜਗਰ ਸਪ ਸਨ । ਜੋ ਆਪਣੇ ਸ਼ਿਕਾਰ ਨੂੰ ਸਾਹ ਨਾਲ ਖਿਚ ਕੇ ਸਾਬਤਾ ਹੀ ਨਿਗਲ ਜਾਂਦੇ ਸਨ । ਆਮ ਤੌਰ ਤੇ ਉਹਨਾਂ ਦੀ ਖੁਰਾਕ ਵਡੇ ਵਡੇ ਬਿੱਲੀ ਜਿਡੇ ਜੰਗਲੀ ਚੂਹੇ ਹੁੰਦੇ ਸਨ । ਪਰ ਜੇ ਕਦੇ ਕਾਬੂ ਆ ਜਾਏ ਤਾਂ ਉਹ ਬੰਦੇ ਨੂੰ ਵੀ ਖਿੱਚ ਖੜਦੇ ਸਨ ।

ਪਤਾ ਨਹੀਂ ਕਦੋਂ ਦੇ ਵੱਡੇ ਵੱਡੇ ਦਰਖਤ ਉਹਨਾਂ ਜੰਗਲਾਂ ਵਿਚ ਇਕ ਦੂਜੇ ਨਾਲ ਜੱਫੇ ਮਾਰ ਕੇ ਖੜੇ ਸਨ । ਆਪਣੇ ਆਪ ਡਿਗ ਕੇ ਕਈ ਸੈਲਾਬ ਦੇ ਨਾਲ ਰੁੱਗੇ ਹੋ ਚੁਕੇ ਸਨ । ਅਤੇ ਕਈ ਨਵੇਂ ਉੱਗ ਆਉਂਦੇ ਸਨ ।

ਏਸੇ ਤਰਾਂ ਦੇ ਡਿਗੇ ਹੋਏ ਇਕ ਪਿਲ ਪਿਲ ਕਰਦੇ ਦਰਖਤ ਉਤੇ ਪੈਰ ਰੱਖ ਰੱਖ ਕੇ ਅਸੀਂ ਲੰਘਦੇ ਜਾ ਰਹੇ ਸਾਂ ਕਿ ਉਹ ਹਿੱਲਣ ਲੱਗ ਪਿਆ । ਡਰਕੇ ਅਧੇ ਬੰਦੇ ਓਧਰ ਨੂੰ ਅਤੇ ਅੱਧੇ ਏਧਰ ਖਲੋ ਗਏ । ਵੇਖਿਆ ਤਾਂ ਉਹ ਕੋਈ ਵਡਾ ਅਜਗਰ ਲੇਟਿਆ ਪਿਆ ਸੀ । ਇਕ ਵਾਰੀ ਏਸ ਤਰਾਂ ਦੇ ਇਕ ਅਜਗਰ ਨੇ ਸਾਡਾ ਇਕ ਬੰਦਾ ਸਾਬਤ ਅੰਦਰ ਲੰਘਾ ਲਿਆ ਤਾਂ ਉਸ ਦੀਆਂ ਲਤਾਂ ਫੜਕੇ ਅਸਾਂ ਬੜਾ ਜ਼ੋਰ ਲਾਇਆ ਕਿ ਘਸੀਟ ਕੇ ਬਾਹਰ ਖਿਚ ਲਈਏ । ਪਰ ਸੱਪ ਉਸ ਨੂੰ ਅੰਦਰ ਲੰਘਾ ਗਿਆ । ਅਸਾਂ ਆਪਣੇ ਸਾਥੀ ਦੀ ਜੀਉਂਦੀ ਲਾਸ਼ ਨੂੰ ਸੱਪ ਦੇ ਅੰਦਰ ਜਾਂਦਾ ਨੂੰ ਵੇਖਕੇ ਕੁਹਾੜੇ ਨਾਲ ਅਜਗਰ ਦਾ ਪੇਟ ਪਾੜਕੇ ਉਸ ਨੂੰ ਬਾਹਰ ਕਢ ਲਿਆ ਅਤੇ ਸਮੁੰਦਰ ਦੇ ਪਾਣੀ ਨਾਲ ਨੁਹਾ ਧੁਆ ਕੇ ਆਪਣੇ ਨਾਲ ਕੰਮ ਤੇ ਲਗਾ ਲਿਆ । ਅਜਗਰ ਬਿਟ ਬਿਟ ਵੇਖਦਾ ਉਥੇ ਹੀ ਤੜਫਦਾ ਮਰ ਗਿਆ । ਜਿਸ ਨੂੰ ਬਾਅਦ ਵਿਚ ਕਈ ਦਿਨਾਂ ਤਕ ਜੰਗਲੀ ਚੂਹੇ ਤੇ ਕੀੜੀਆਂ ਖਾਂਦੀਆਂ ਰਹੀਆਂ ।

ਏਸ ਨਰਕ ਵਰਗੇ ਟਾਪੂ ਵਿਚ ਜਿਥੇ ਹਰ ਇਕ ਚੀਜ਼ ਡਰਾਉਣ ਵਾਲੀ ਸੀ ਉਥੇ ਇਕ ਚੀਜ਼ ਦਿਲ ਨੂੰ ਖਿਚ ਪਾਉਣ ਵਾਲੀ ਵੀ ਸੀ । ਅਤੇ ਉਹ ਇਕ ਟੁਣਕਦੀ ਹੋਈ ਆਵਾਜ਼ ਸੀ, 'ਇੰਡੀਆ ਨੰਬਰ ਵਨ' ਇੰਡੀਆ ਨੰਬਰ ਵਨ ।' ਜਿਸ ਨੂੰ ਸੁਣਕੇ ਸਾਡੇ ਸਭ ਦੇ ਚਿਹਰੇ ਟਹਿਕ ਉਠਦੇ ਸਨ । ਇਹ ਉਥੋਂ ਦੇ ਵਸਨੀਕ ਇਕ ਨੀਗਰੋ ਹਬਸ਼ੀ ਦੀ ਆਵਾਜ਼ ਸੀ, ਜੋ ਅਚਾਨਕ ਕਿਸੇ ਪਾਸਿਓਂ ਨਮੂਦਾਰ ਹੁੰਦਾ ਅਤੇ ਉਸ ਦੀ ਆਵਾਜ਼ ਨਾਲ ਸਾਰਾ ਜੰਗਲ ਗੂੰਜ ਉਠਦਾ।

ਜੋੜੀ ਜੋੜੀ ਬਣਾ ਕੇ ਲਕੜ ਚੁਕਕੇ ਅਸੀਂ ਪਗਡੰਡੀ ਉਤੇ ਤੁਰ ਪੈਂਦੇ ਜਿਹੜੀ ਸਾਡੇ ਪੈਰਾਂ ਦੀ ਘਾਸੀ ਨਾਲ ਬਣ ਚੁਕੀ

ਬਾਕੀ ਸਫਾ 18


MURRICK INSURANCE SERVICES LTD

NARWAL INSURANCE SERVICES LTD



NARWAL
Insurance Services Ltd.
Murrick Insurance Services Ltd.

ICBC AUTOPLAN: New licence plates, Decal renewal, Transfer of ownership, New registrations, Change of coverage
GENERAL: Homeowners, Tenants package, Mobile Home, Travel insurance, Boat
LIFE: Term insurance, Mortgage, Business, Non-smokers diet

Autoplan
AUTHORIZED AGENT
SENIORS DISCOUNT

OPEN 9 to 5 (Mon.-Fri.)
10-3 Sat.
6415 Main St., at 48th Vancouver
Call NARWAL 325-4744
325-4744

Autoplan

PRITPAL SINGH NARWAL
B.A. (Pb.), L.L.B. (Kuk)
Former Advocate & Oath Commissioner
Notary Public
PREFERRED AREA OF PRACTICE
*Conveyancing
*To prepare mortgages
*To prepare contracts
*Translation
*Affidavits
*Power of Attorney
*Basic Will
*Immigration
*Adoption, Etc.
6415 Main St., (at 48th Ave.), Vancouver
325-4744

OPEN
9 A.M. TO 5 P.M. (MON. TO FRI.)
SAT. 10 A.M. TO 3 P.M.
6415 MAIN ST. (at 48th., AVE
VANCOUVER, B.C.

# ਪਿਆਰਾ ਸਿੰਘ ਬਾਸੀ ਦੀ ਯਾਦ ਵਿਚ

**ਮੁਹਿੰਦਰ ਸੁਮਲ**

ਪਿਆਰਾ ਸਿੰਘ ਬਾਸੀ ਦੀ ਯਾਦ ਵਿਚ ਜਿਨ੍ਹਾਂ ਨਾਲ ਮੈਂ ਪਿਛਲੇ 14 ਵਰ੍ਹੇ ਲੋਕਤਾ, ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਤੇ ਪਾਰਟੀ ਵਿਚ ਉਨ੍ਹਾਂ ਤੋਂ ਉਤਸ਼ਾਹ ਲੈ ਕੇ ਕੰਮ ਕਰਦਿਆਂ ਗੁਜ਼ਾਰੇ ਉਨ੍ਹਾਂ ਦੀ ਯਾਦ ਹਮੇਸ਼ਾਂ ਮੇਰੇ ਸਾਹਾਂ ਵਿਚ ਇਕ ਨਾ ਮਿਟਣ ਵਾਲੀ ਲਕੀਰ ਦੀ ਤਰ੍ਹਾਂ ਇਕ ਨਿਸ਼ਾਨ ਛੱਡ ਗਈ ਹੈ।

ਬਿਨਾਂ ਕਰਮ ਤੋਂ ਕਈ ਮਨੁੱਖ ਜਿਉਂਦਿਆਂ ਹੀ ਮੋਇਆਂ ਵਰਗੀ ਜ਼ਿੰਦਗੀ ਗੁਜ਼ਾਰਦੇ ਹਨ ਤੇ ਕੁਝ ਮਨੁੱਖ ਮਰਕੇ ਵੀ ਨਹੀਂ ਮਰਦੇ ਤੇ ਲੋਕਾਂ ਦੇ ਦਿਲਾਂ ਦੀ ਧੜਕਣ ਬਣਕੇ ਹਮੇਸ਼ਾਂ ਰਹਿੰਦੇ ਹਨ। ਬਾਸੀ, ਉਨ੍ਹਾਂ ਮਨੁੱਖਾਂ ਵਿਚੋਂ ਸਨ ਜੋ ਲੋਕਾਂ ਦੀਆਂ ਮੁਸ਼ਕਲਾਂ ਤਕਲੀਫਾਂ ਤੇ ਮਨੁੱਖੀ ਦਰਦ ਲਈ ਕੰਮ ਕਰਨਾ ਆਪਣਾ ਫਰਜ਼ ਸਮਝਦੇ ਸਨ।

ਉਹ ਉਨ੍ਹਾਂ ਮਨੁੱਖਾਂ ਵਿਚੋਂ ਸਨ ਜੋ ਝੁਕਣਾ ਨਹੀਂ ਜਾਣਦੇ ਸਗੋਂ ਆਪਣੀ ਅੰਦਰਲੀ ਪੀੜ ਨਾਲ ਆਪ ਟੁਟਦੇ ਰਹਿੰਦੇ ਨੇ, ਮੌਤ ਦਾ ਮਗਰਮੱਛ ਸ਼ਾਇਦ ਚੰਗੇ ਮਨੁੱਖਾਂ ਤੇ ਹਮੇਸ਼ਾਂ ਹੀ ਅੱਖ ਰੱਖਦਾ ਹੈ। ਜੋ ਉਹ ਆਪਣੀਆਂ ਪੈੜਾਂ ਦੇ ਨਿਸ਼ਾਨ ਛੱਡ ਗਏ ਨੇ, ਉਨ੍ਹਾਂ ਤੇ ਚਲਦਿਆਂ ਹਮੇਸ਼ਾਂ ਹੀ ਉਨ੍ਹਾਂ ਦੀ ਯਾਦ ਆਉਂਦੀ ਰਹੇਗੀ।

## ਕਵਿਤਾ

**ਮੁਹਿੰਦਰ ਸੁਮਲ**

ਨਾਹਰੇ ਮਾਰਦੇ ਜਦੋਂ ਵੀ ਭੀੜ ਦੇ ਵਿਚੋਂ
ਜਿਸਮ ਦੇ ਜੋਸ਼ ਦੇ ਵਿਚੋਂ
ਅੰਬਰ ਤੀਕ ਗੂੰਜਦੀ ਕੋਈ
ਜਦੋਂ ਆਵਾਜ਼ ਆਵੇਗੀ
ਉਦੋਂ ਹੀ ਖਿਆਲ ਆਵੇਗਾ
ਤੇ ਤੇਰੀ ਯਾਦ ਆਵੇਗੀ।

ਜਦੋਂ ਭਰਮਾਂ ਤੇ ਧਰਮਾਂ ਦੀ
ਕਦੇ ਗੱਲ ਖਤਮ ਹੋਵੇਗੀ
ਮਨੁੱਖੀ ਸੋਚ ਦਾ ਤਾਰਾ
ਮਟੇਊ ਤ੍ਰੇੜ ਤੇ ਪਾੜਾ
ਰੁੱਠੀ ਹੋਈ ਪ੍ਰੀਤ ਜਦ ਸਾਡੀ
ਵਾਪਸ ਪਰਤ ਆਵੇਗੀ
ਉਦੋਂ ਫਿਰ ਖਿਆਲ ਆਵੇਗਾ
ਤੇ ਤੇਰੀ ਯਾਦ ਆਵੇਗੀ।



ਜਦੋਂ ਹੀਲੇ ਦੀ ਤੀਲੀ ਲਾ
ਕਦੇ ਦੀਵਾ ਜਗਾਵਾਂਗੇ
ਹਨੇਰਾ ਦੂਰ ਦੌੜੇਗਾ
ਜਦੋਂ ਪ੍ਰਭਾਤ ਹੋਵੇਗੀ
ਨਾ ਕਾਲੀ ਰਾਤ ਹੋਵੇਗੀ
ਖਿੜੇਗੀ ਚਾਂਦਨੀ ਜਦ ਵੀ
ਤੇਰੀ ਮੁਸਕਾਨ ਦੇ ਵਾਂਗੂ
ਉਦੋਂ ਹੀ ਖਿਆਲ ਆਵੇਗਾ
ਤੇ ਤੇਰੀ ਯਾਦ ਆਵੇਗੀ।

ਮਾਰਚ ਤੇਈ ਜਦ ਆਊ
ਮਹੀਨਾ ਮਈ ਜਦ ਆਊ
ਸਾਕਾ ਬਾਗ ਦਾ ਜਿਸ ਦਿਨ
ਸਭੋ ਦਿਨ ਹੀ ਮਨਾਵਾਂਗੇ
ਅਮਨ ਮਾਰਚ ਤੇ ਜਾਵਾਂਗੇ
ਉਦੋਂ ਪਲ ਭਰ ਲਈ ਸਾਡਾ
ਮਨ ਭਰ ਹੀ ਜਾਵੇਗਾ
ਉਦੋਂ ਫਿਰ ਖਿਆਲ ਆਵੇਗਾ
ਤੇ ਤੇਰੀ ਯਾਦ ਆਵੇਗੀ।

# ਪਾਪੂਲਰ ਓਕ ਐਂਡ ਪਾਈਨ ਕਰਾਫਟ ਲਿਮਿ:

# POPULAR
## Oak and Pine Craft Ltd.

7935 - 128th Street, SURREY, B.C.

## Ph. 596-1216



ਅਸੀਂ ਆਪਣੀ ਫੈਕਟਰੀ ਵਿਚ ਬੈਡਰੂਮ ਸੁਈਟਾਂ, ਸੋਫਾ ਸੈਟਜ਼ ਡਾਇਨਿੰਗ ਰੂਮ ਸੁਈਟਜ਼ ਅਤੇ ਹੋਲਸੇਲ ਦੀਆਂ ਕੀਮਤਾਂ ਤੇ ਲਾ ਦਿੱਤੀਆਂ ਹਨ । ਇਹੋ ਜਿਹੇ ਸ਼ਾਨਦਾਰ ਮੌਕੇ ਦਾ ਫਾਇਦਾ ਉਠਾਓ ।

**ਵੈਨਕੂਵਰ ਵਿਚ** ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ



# ਸਿੱਧੇ ਫੈਕਟਰੀ 'ਤੇ ਪਹੁੰਚੋ

ਤੇ ਮਨਮਰਜ਼ੀ ਦਾ ਫਰਨੀਚਰ ਖ੍ਰੀਦੋ

## ਰੰਗ-ਬਰੰਗੀਆਂ ਸੇਲਾਂ ਤੋਂ ਬਚੋ

# ਪਿਆਰਾ ਸਿੰਘ ਬਾਸੀ ਦੀ ਯਾਦ ਵਿਚ

**ਮੁਹਿੰਦਰ ਸੁਮਲ**

ਪਿਆਰਾ ਸਿੰਘ ਬਾਸੀ ਦੀ ਯਾਦ ਵਿਚ ਜਿਨ੍ਹਾਂ ਨਾਲ ਮੈਂ ਪਿਛਲੇ 14 ਵਰ੍ਹੇ ਲੋਕਤਾ, ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਤੇ ਪਾਰਟੀ ਵਿਚ ਉਨ੍ਹਾਂ ਤੋਂ ਉਤਸ਼ਾਹ ਲੈ ਕੇ ਕੰਮ ਕਰਦਿਆਂ ਗੁਜ਼ਾਰੇ ਉਨ੍ਹਾਂ ਦੀ ਯਾਦ ਹਮੇਸ਼ਾਂ ਮੇਰੇ ਸਾਹਾਂ ਵਿਚ ਇਕ ਨਾ ਮਿਟਣ ਵਾਲੀ ਲਕੀਰ ਦੀ ਤਰ੍ਹਾਂ ਇਕ ਨਿਸ਼ਾਨ ਛੱਡ ਗਈ ਹੈ।

ਬਿਨਾਂ ਕਰਮ ਤੋਂ ਕਈ ਮਨੁੱਖ ਜਿਉਂਦਿਆਂ ਹੀ ਮੋਇਆਂ ਵਰਗੀ ਜ਼ਿੰਦਗੀ ਗੁਜ਼ਾਰਦੇ ਹਨ ਤੇ ਕੁਝ ਮਨੁੱਖ ਮਰਕੇ ਵੀ ਨਹੀਂ ਮਰਦੇ ਤੇ ਲੋਕਾਂ ਦੇ ਦਿਲਾਂ ਦੀ ਧੜਕਣ ਬਣਕੇ ਹਮੇਸ਼ਾਂ ਰਹਿੰਦੇ ਹਨ। ਬਾਸੀ, ਉਨ੍ਹਾਂ ਮਨੁੱਖਾਂ ਵਿਚੋਂ ਸਨ ਜੋ ਲੋਕਾਂ ਦੀਆਂ ਮੁਸ਼ਕਲਾਂ ਤਕਲੀਫਾਂ ਤੇ ਮਨੁੱਖੀ ਦਰਦ ਲਈ ਕੰਮ ਕਰਨਾ ਆਪਣਾ ਫਰਜ਼ ਸਮਝਦੇ ਸਨ।

ਉਹ ਉਨ੍ਹਾਂ ਮਨੁੱਖਾਂ ਵਿਚੋਂ ਸਨ ਜੋ ਝੁਕਣਾ ਨਹੀਂ ਜਾਣਦੇ ਸਗੋਂ ਆਪਣੀ ਅੰਦਰਲੀ ਪੀੜ ਨਾਲ ਆਪ ਟੁਟਦੇ ਰਹਿੰਦੇ ਨੇ, ਮੌਤ ਦਾ ਮਗਰਮੱਛ ਸ਼ਾਇਦ ਚੰਗੇ ਮਨੁੱਖਾਂ ਤੇ ਹਮੇਸ਼ਾਂ ਹੀ ਅੱਖ ਰੱਖਦਾ ਹੈ। ਜੋ ਉਹ ਆਪਣੀਆਂ ਪੈੜਾਂ ਦੇ ਨਿਸ਼ਾਨ ਛੱਡ ਗਏ ਨੇ, ਉਨ੍ਹਾਂ ਤੇ ਚਲਦਿਆਂ ਹਮੇਸ਼ਾਂ ਹੀ ਉਨ੍ਹਾਂ ਦੀ ਯਾਦ ਆਉਂਦੀ ਰਹੇਗੀ।

# ਕਵਿਤਾ

**ਮੁਹਿੰਦਰ ਸੁਮਲ**

ਨਾਹਰੇ ਮਾਰਦੇ ਜਦੋਂ ਵੀ ਭੀੜ ਦੇ ਵਿਚੋਂ
ਜਿਸਮ ਦੇ ਜੋਸ਼ ਦੇ ਵਿਚੋਂ
ਅੰਬਰ ਤੀਕ ਗੂੰਜਦੀ ਕੋਈ
ਜਦੋਂ ਆਵਾਜ਼ ਆਵੇਗੀ
ਉਦੋਂ ਹੀ ਖਿਆਲ ਆਵੇਗਾ
ਤੇ ਤੇਰੀ ਯਾਦ ਆਵੇਗੀ।

ਜਦੋਂ ਹੀਲੇ ਦੀ ਤੀਲੀ ਲਾ
ਕਦੇ ਦੀਵਾ ਜਗਾਵਾਂਗੇ
ਹਨੇਰਾ ਦੂਰ ਦੌੜੇਗਾ
ਜਦੋਂ ਪ੍ਰਭਾਤ ਹੋਵੇਗੀ
ਨਾ ਕਾਲੀ ਰਾਤ ਹੋਵੇਗੀ
ਖਿੜੇਗੀ ਚਾਂਦਨੀ ਜਦ ਵੀ
ਤੇਰੀ ਮੁਸਕਾਨ ਦੇ ਵਾਂਗੂੰ
ਉਦੋਂ ਹੀ ਖਿਆਲ ਆਵੇਗਾ
ਤੇ ਤੇਰੀ ਯਾਦ ਆਵੇਗੀ।



ਜਦੋਂ ਭਰਮਾਂ ਤੇ ਧਰਮਾਂ ਦੀ
ਕਦੇ ਗੱਲ ਖਤਮ ਹੋਵੇਗੀ
ਮਨੁੱਖੀ ਸੋਚ ਦਾ ਤਾਰਾ
ਮਟੇਊ ਤ੍ਰੇੜ ਤੇ ਪਾੜਾ
ਰੁੱਠੀ ਹੋਈ ਪ੍ਰੀਤ ਜਦ ਸਾਡੀ
ਵਾਪਸ ਪਰਤ ਆਵੇਗੀ
ਉਦੋਂ ਫਿਰ ਖਿਆਲ ਆਵੇਗਾ
ਤੇ ਤੇਰੀ ਯਾਦ ਆਵੇਗੀ।

ਮਾਰਚ ਤੇਈ ਜਦ ਆਊ
ਮਹੀਨਾ ਮਈ ਜਦ ਆਊ
ਸਾਕਾ ਬਾਗ ਦਾ ਜਿਸ ਦਿਨ
ਸਭੇ ਦਿਨ ਹੀ ਮਨਾਵਾਂਗੇ
ਅਮਨ ਮਾਰਚ ਤੇ ਜਾਵਾਂਗੇ
ਉਦੋਂ ਪਲ ਭਰ ਲਈ ਸਾਡਾ
ਮਨ ਭਰ ਹੀ ਜਾਵੇਗਾ
ਉਦੋਂ ਫਿਰ ਖਿਆਲ ਆਵੇਗਾ
ਤੇ ਤੇਰੀ ਯਾਦ ਆਵੇਗੀ।

# ਪਾਪੂਲਰ ਓਕ ਐਂਡ ਪਾਈਨ ਕਰਾਫਟ ਲਿਮਿ:

# POPULAR
## Oak and Pine Craft Ltd.

7935 - 128th Street, SURREY, B.C.

**Ph. 596-1216**



ਅਸੀਂ ਆਪਣੀ ਫੈਕਟਰੀ ਵਿਚ ਬੈਡਰੂਮ ਸੁਈਟਾਂ, ਸੋਫਾ ਸੈਟਜ਼ ਡਾਇਨਿੰਗ ਰੂਮ ਸੁਈਟਜ਼ ਅਤੇ ਹੋਲਸੇਲ ਦੀਆਂ ਕੀਮਤਾਂ ਤੇ ਲਾ ਦਿੱਤੀਆਂ ਹਨ। ਇਹੋ ਜਿਹੇ ਸ਼ਾਨਦਾਰ ਮੌਕੇ ਦਾ ਫਾਇਦਾ ਉਠਾਓ।

**ਵੈਨਕੂਵਰ ਵਿਚ** ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ



# ਸਿੱਧੇ ਫੈਕਟਰੀ 'ਤੇ ਪਹੁੰਚੋ

ਤੇ ਮਨਮਰਜ਼ੀ ਦਾ ਫਰਨੀਚਰ ਖ਼੍ਰੀਦੋ

## ਰੰਗ-ਬਰੰਗੀਆਂ ਸੇਲਾਂ ਤੋਂ ਬਚੋ

ਸੀ। ਉਹ ਕੰਡੇ ਝਾੜੀਆਂ ਟੋਏ ਟਿਬੇ ਤੇ ਦਲ ਦਲ ਨੂੰ ਟਪਦਾ ਹੋਇਆ ਪਤਾ ਨਹੀਂ ਕਿਥੋਂ ਆ ਜਾਂਦਾ। ਸਭ ਤੋਂ ਪਹਿਲਾਂ ਉਹ ਸਾਡੀ ਸਾਰੀ ਪਾਰਟੀ ਦਾ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਫਿਰਕੇ ਚਕਰ ਲਾਉਂਦਾ ਅਤੇ ਜਿਸ ਕਿਸੇ ਨੂੰ ਬੀਮਾਰ ਜਾਂ ਲੰਗੜਾ ਕੇ ਚਲਦਾ ਵੇਖਦਾ ਉਸ ਨੂੰ ਮੋਦਾ ਦੇ ਕੇ ਦੋ ਚਾਰ ਮੀਲ ਅਗੇ ਛਡ ਆਉਂਦਾ ਕਈ ਵਾਰੀ ਉਹ ਇਕਲਾ ਹੀ ਦੋ ਬੰਦਿਆਂ ਦਾ ਭਾਰ ਚੁਕਕੇ ਅਗੇ ਕਰ ਆਉਂਦਾ ਤੇ ਉਸ ਦੀ ਚਾਲ ਵਿਚ ਜਰਾ ਫਰਕ ਨਾ ਆਉਂਦਾ ਤੇ ਉਹ ਦੌੜਦਾ ਹੋਇਆ ਜਿਸ ਵਕਤ ਸਾਡੇ ਕਿਸੇ ਬੰਦੇ ਦੇ ਕੋਲੋਂ ਲੰਘਦਾ ਤਾਂ ਹੋਰ ਕੋਈ ਗੱਲ ਨਾ ਕਰਦਾ, ਬਲਕਿ ਨਾਹਰਾ ਮਾਰਦਾ 'ਇੰਡੀਆ ਨੰਬਰ ਵਨ, ਇੰਡੀਆ ਨੰਬਰ ਵਨ।' ਅਸੀਂ ਹੈਰਾਨ ਹੋ ਕੇ ਸੋਚਦੇ ਇਸ ਜੰਗਲੀ ਆਦਮੀ ਨੇ ਇਹ ਚਾਰ ਅੰਗਰੇਜ਼ੀ ਸ਼ਬਦ ਕਿਥੋਂ ਸਿਖ ਲਏ? ਪਤਾ ਲਗਾ ਕਿ ਇਹ ਪਹਿਲਾਂ ਕਿਸੇ ਆਸਟਰੇਲੀਅਨ ਕੋਲ ਸਟੀਮਰਾਂ ਵਿਚ ਨਾਰੀਅਲ ਭਰਨ ਦਾ ਕੰਮ ਕਰਦਾ ਸੀ, ਜੋ ਪਤਾ ਨਹੀਂ ਹੁਣ ਮਾਰਿਆ ਗਿਆ ਸੀ ਕਿ ਕੈਦੀ ਬਣ ਗਿਆ ਸੀ? ਪਰ ਇਹ ਵਿਚਾਰਾ ਉਸੇ ਦਿਨ ਦਾ ਲੱਭਦਾ ਪਾਗਲਾਂ ਵਾਂਗ ਮਾਰਿਆ ਮਾਰਿਆ ਫਿਰਦਾ ਸੀ।

ਇਕ ਦਿਨ ਅਚਾਨਕ ਕੀ ਹੋਇਆ ਉਹ ਆਪਣੇ ਨਾਲ ਦਸ ਬਾਰਾਂ ਜੰਗਲੀ ਆਦਮੀ ਹੋਰ ਲੈ ਕੇ ਆ ਗਿਆ ਅਤੇ ਉਹ ਸਾਡੇ ਕਮਜ਼ੋਰ ਕੈਦੀਆਂ ਦਾ ਭਾਰ ਚੁਕਕੇ ਰੋੜ ਕੈਂਪ ਤਕ ਲੈ ਗਏ। ਜਿਹਨਾਂ ਨੂੰ ਵੇਖਕੇ ਪਹਿਲਾਂ ਤੇ ਜਪਾਨੀ ਹੈਰਾਨ ਰਹਿ ਗਏ, ਪਰ ਫਿਰ ਖੁਸ਼ ਹੋ ਗਏ। ਉਹਨਾਂ ਨੂੰ ਇਕ ਇਕ ਸਿਗਰਟ ਜਾਪਾਨੀਆਂ ਨੇ ਦਿਤੀ ਤਾਂ ਉਹ ਇਕੋ ਸਾਹ ਵਿਚ ਪੀ ਗਏ। ਫੇਰ ਉਹਨਾਂ ਨੂੰ ਪੱਤਿਆਂ ਉਤੇ ਉਬਲੇ ਹੋਏ ਚਾਵਲਾਂ ਦੀ ਕੜਛੀ ਕੜਛੀ ਜਾਪਾਨੀਆਂ ਨੇ ਦਿਤੀ। ਸ਼ਾਇਦ ਜ਼ਿੰਦਗੀ ਵਿਚ ਉਹਨਾਂ ਨੇ ਪਹਿਲੀ ਵਾਰੀ ਕੋਈ ਮਿਠੀ ਤੇ ਨਰਮ ਸ਼ੈ ਖਾ ਕੇ ਸੁਆਦ ਵੇਖਿਆ। ਹੁਣ ਉਹਨਾਂ ਨੇ ਕਿਥੇ ਜਾਣਾ ਸੀ? ਸਾਰੇ ਸਾਡੇ ਨਾਲ ਕੰਮ ਉਤੇ ਲਗ ਗਏ। ਜਿਸ ਵਿਚ ਨਾਰੀਅਲ ਦੇ ਦਰਖਤ ਨੂੰ ਪੁਟਣ ਲਈ ਪੰਜਾਹ ਬੰਦੇ ਸਾਰਾ ਦਿਨ ਲਾਂਦੇ ਸਾਂ। ਉਸ ਨੂੰ ਇਕ ਦੋ ਘੰਟਿਆਂ ਵਿਚ ਪੁਟਕੇ ਦਸ ਆਦਮੀ ਔਹ ਮਾਰਦੇ। ਏਸੇ ਤਰਾਂ ਬੇੜੀ ਨੂੰ ਖਾਲੀ ਕਰਨ ਲਈ ਅਸੀਂ ਲੋਕ ਕਈ ਘੰਟੇ ਲਗਾ ਦੇਂਦੇ ਸਾਂ। ਉਹ ਲੋਕ ਬਿਜਲੀ ਵਾਂਗ ਤੇਜ਼ ਦੌੜ ਕੇ ਪਹਿਲਾਂ ਖਤਮ ਕਰ ਦੇਂਦੇ। ਉਹਨਾਂ ਸਭਨਾਂ ਵਿਚ ਜੋ ਤੇਜ਼ ਤਰਾਰ ਨੌਜਵਾਨ ਸੀ। ਜਿਸ ਨੂੰ ਬਾਕੀ ਦੇ ਸਾਰੇ ਕੈਪਟਨ ਕਹਿਕੇ ਪੁਕਾਰਦੇ ਸਨ। ਉਹ ਜਦੋਂ ਵੀ ਕੋਈ ਬਤਸਾ, ਬੋਰੀ ਜਾਂ ਭਾਰੀ ਚੀਜ਼ ਚੁਕੇ ਸਾਡੇ ਕੋਲੋਂ ਦੀ ਲੰਘਦਾ ਤਾਂ ਉਹੀ ਸਾਰੀ ਇੰਡੀਆ ਨੰਬਰ ਵਨ, ਇੰਡੀਆ ਨੰਬਰ ਵਨ ਬੋਲਦਾ।

ਇਕ ਗੱਲ ਹੈਰਾਨ ਕਰਨ ਵਾਲੀ ਇਹ ਸੀ ਅਸੀਂ ਲੋਕ ਜਿਹੜੇ ਆਪਣੇ ਆਪ ਨੂੰ ਤਹਿਜ਼ੀਬ ਯਾਫਤਾ ਸਮਝਦੇ ਸਾਂ। ਸਿਰਾਂ ਉਤੇ ਭਾਰ ਚੁਕੇ ਤੁਰਦੇ ਸਾਂ। ਪਰ ਅਸੀਂ ਕਦੇ ਆਜ਼ਾਦ ਮੁਲਕਾਂ ਦੇ ਪੜ੍ਹੇ ਲਿਖੇ ਆਦਮੀਆਂ ਨੂੰ ਮੋਢਿਆਂ ਤੇ ਭਾਰ ਚੁਕਦੇ ਵੇਖਿਆ ਗਿਆ ਸੀ। ਏਸ ਗੱਲ ਦਾ ਮਾਣ ਸਿਰਫ ਸਾਨੂੰ ਭਾਰਤੀਆਂ ਨੂੰ ਪਰਾਪਤ ਸੀ। ਲੇਕਿਨ ਇਸ ਮੈਦਾਨ ਵਿਚ ਸਾਡੇ ਨਾਲੋਂ ਉਹ ਹਬਸ਼ੀ ਲੋਕ ਅਗੇ ਜਾਪਦੇ ਸਨ। ਉਹ ਵੀ ਸਮਾਨ ਮੋਢਿਆਂ ਤੇ ਜਾਂ ਪਿੱਠ ਤੇ ਲਦ ਕੇ ਤੁਰਦੇ ਸਨ। ਦੁਨੀਆਂ ਵਿਚ ਖਾਸ ਕਰਕੇ ਇਕ ਸਾਡੀ ਪੰਜਾਬੀਆਂ ਦੀ ਕੌਮ ਹੀ ਐਸੀ ਸੀ। ਜੋ ਸ਼ਾਇਦ ਸਿਰ ਤੇ ਮਣਾਂ ਮੂੰਹੀਂ ਭਾਰ ਚੁਕ ਸਕਦੀ ਸੀ। ਕੁਝ ਕਿਹਾ ਨਹੀਂ ਸੀ ਜਾਂਦਾ, ਇਸ ਦਾ ਕਾਰਨ ਸਾਡੀ ਗੁਲਾਮੀ ਸੀ ਜਾਂ ਕੁਝ ਹੋਰ?

ਉਹਨਾਂ ਹਬਸ਼ੀਆਂ ਦੇ ਵਿਚ ਕੁਝ ਔਰਤਾਂ ਵੀ ਸਨ। ਲੇਕਿਨ ਸਭ ਦੇ ਸਭ ਨੰਗੇ ਸਨ। ਉਥੇ ਕਪੜੇ ਦੀ ਲੋੜ ਵੀ ਨਹੀਂ ਸੀ। ਉਹ ਸਾਰੇ ਟਾਪੂ ਭੂ-ਮੱਧ ਰੇਖਾ ਉਤੇ ਆਉਂਦੇ ਸਨ। ਜਿਥੇ ਬਾਰਾਂ ਮਹੀਨੇ ਮੌਸਮ ਇਕੋ ਜਿਹਾ ਰਹਿੰਦਾ ਸੀ। ਜੇਕਰ ਥੋੜਾ ਜਿਹਾ ਵੀ ਅਸੀਂ ਲੋਕ ਉਥੋਂ ਦੂਰ ਹੁੰਦੇ ਤਾਂ ਸ਼ਾਇਦ ਸਾਡੇ ਵਿਚੋਂ ਵੀ ਕੋਈ ਜੀਉਂਦਾ ਸਰਦੀ ਦੀ ਮਾਰ ਤੋਂ ਬਚਕੇ ਨਾ ਆਉਂਦਾ। ਵੈਸੇ ਇਕ ਤਰਾਂ ਨਾਲ ਉਸ ਵੇਲੇ ਅਸੀਂ ਲੋਕ ਵੀ ਨੰਗ ਧੜੰਗ ਹੀ ਰਹਿ ਗਏ ਹੋਏ ਸਾਂ। ਇਕ ਅਰਸੇ ਤੋਂ ਜਾਪਾਨੀਆਂ ਨੇ ਸਾਨੂੰ ਕੋਈ ਕਪੜਾ ਨਹੀਂ ਸੀ ਦਿਤਾ। ਉਹਨਾਂ ਨੇ ਖੁਦ ਆਪਣੇ ਗਲ ਵਿਚ ਵਰਦੀ ਦੀਆਂ ਲੀਰਾਂ ਲਮਕਦੀਆਂ ਸਨ। ਫਿਰ ਵੀ ਅਸਾਂ ਲੋਕਾਂ ਨੇ ਆਪਣੀਆਂ ਪੱਗਾਂ ਪਾੜ-ਪਾੜ ਕੇ ਗਿਠ ਗਿਠ ਟਾਕੀਆਂ ਰੱਸੀਆਂ ਦੇ ਨਾਲ ਨਾਂਗੇ ਸਾਧਾਂ ਵਾਂਗ ਲੱਕ ਵਿਚ ਬੰਨ੍ਹੀਆਂ ਹੋਈਆਂ ਸਨ ਜਿਹਨਾਂ ਨੂੰ ਵੇਖ ਵੇਖ ਕੇ ਉਹ ਹਬਸ਼ੀ ਲੋਕ ਹੈਰਾਨ ਹੁੰਦੇ ਸਨ। ਜਿਨ੍ਹਾਂ ਦੀ ਆਪਣੀ ਹਾਲਤ ਬਿਲਕੁਲ ਜਾਨਵਰਾਂ ਵਰਗੀ ਸੀ, ਜਿਹਨਾਂ ਦੇ ਜਿਸਮ ਉਤੇ ਖਾਸ ਥਾਵਾਂ ਉਤੇ ਏਨੇ ਸੰਘਣੇ ਵਾਲ ਉਗੇ ਹੋਏ ਹੁੰਦੇ ਸਨ। ਕਿ ਔਰਤ ਮਰਦ ਦੀ ਪਛਾਣ ਸਿਰਫ ਛਾਤੀਆਂ ਤੋਂ ਹੁੰਦੀ ਸੀ। ਬਾਕੀ ਸਭ ਦੀਆਂ ਸ਼ਕਲਾਂ ਡਰਾਉਣੀਆਂ ਇਕੋ ਜਿਹੀਆਂ ਲਗਦੀਆਂ ਸਨ। ਸਿਰ ਉਤੇ ਰੁੱਖੇ ਵਾਲਾਂ ਦਾ ਟੋਕਰਾ ਵਡੀਆਂ-ਵਡੀਆਂ ਨਾਸਾਂ ਅਤੇ ਕਿਸੇ ਚਿੱਟੇ ਰੰਗ ਦੀ ਮਿੱਟੀ ਨਾਲ ਅੱਖਾਂ ਦੇ ਇਰਦ ਗਿਰਦ ਵਾਹੇ ਹੋਏ ਗੋਲ ਚੱਕਰ ਹੁੰਦੇ ਸਨ। ਜੋ ਸ਼ਾਇਦ ਸਭ ਉਹਨਾਂ ਦੇ ਸ਼ਿੰਗਾਰ ਵਿਚ ਸ਼ਾਮਲ ਹੁੰਦਾ ਸੀ। ਲੇਕਿਨ ਤਾਕਤ ਵਿਚ ਉਹ ਸਾਡੇ ਦਸਾਂ ਬੰਦਿਆਂ ਦੇ ਬਰਾਬਰ ਇਕ ਹਬਸ਼ੀ ਬਣਦਾ ਸੀ। ਸਤ ਅਠ ਫੁਟ ਲੰਮੇ ਉਹਨਾਂ ਦੇ ਕੱਦ ਅਤੇ ਲੱਤਾਂ-ਬਾਹਵਾਂ ਉਤੇ ਪਹਿਲਵਾਨਾਂ ਵਾਂਗ ਛੱਲੀਆਂ ਪੈਂਦੀਆਂ ਸਨ। ਸ਼ਾਇਦ ਉਹ ਲੋਕ ਬਿਲਕੁਲ ਨਹਾਉਂਦੇ ਨਹੀਂ ਸਨ। ਬਾਰਸ਼ ਨਾਲ ਭਿਜ ਕੇ ਭਾਵੇਂ ਉਹਨਾਂ ਦੀ ਸਫਾਈ ਕੁਦਰਤ ਕਰ ਦੇਂਦੀ ਹੋਵੇ। ਵਰਨਾ ਉਹ ਬਹੁਤ ਗੰਦੇ ਸਨ। ਉਹਨਾਂ ਦੇ ਕੋਲੋਂ ਇਕ ਖਾਸ ਕਿਸਮ ਦੀ ਬਦਬੂ ਆਉਂਦੀ ਸੀ। ਲਗਦੀ ਵਾਹ ਅਸੀਂ ਲੋਕ ਉਹਨਾਂ ਦੇ ਨਾਲ ਲਗਣ ਤੋਂ ਕੰਨੀ ਕਤਰਾਉਂਦੇ ਸਾਂ। ਤੇ ਨੱਕ ਮੂੰਹ ਵੱਟ ਕੇ ਲੰਘਦੇ ਸਾਂ ਪਰ ਜਦੋਂ ਉਹ ਸਾਡਾ ਸਾਰਾ ਸਖਤ ਕੰਮ ਕਰਦੇ ਸਨ ਤਾਂ ਫਿਰ ਚੰਗੇ ਵੀ ਲਗਦੇ ਸਨ। ਬਿਲਕੁਲ ਉਸੇ ਤਰਾਂ ਜਿਵੇਂ ਸਾਡੇ ਘਰਾਂ ਵਿਚ ਪਾਲੇ ਹੋਏ ਪਸ਼ੂ ਗੱਡ ਅੱਗੇ ਜੁੜੇ ਚੰਗੇ ਲਗਦੇ ਸਨ।


# ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:

**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

ਕੰਮ ਕਰਦਿਆਂ ਜਦੋਂ ਕਦੇ ਜਾਪਾਨੀ ਸਾਨੂੰ ਆਰਾਮ (ਯਸੂਮੇ) ਕਰਨ ਲਈ ਥੋੜੇ ਚਿਰ ਲਈ ਛੁਟੀ ਦੇਂਦੇ ਸਨ ਤਾਂ ਉਹ ਹਬਸ਼ੀ ਲੋਕ ਵੀ ਇਕ ਗੋਲ ਜਿਹਾ ਘੇਰਾ ਬਣਾ ਕੇ ਬੈਠ ਜਾਂਦੇ ਸਨ। ਉਹਨਾਂ ਦੇ ਜਿਸਮ ਉਤੇ ਪੱਕ-ਪੱਕ ਕੇ ਜ਼ਖਮਾਂ ਦੇ ਖਰੀਂਢ ਇਸ ਤਰਾਂ ਆਕੜ ਗਏ ਸਨ ਜਿਵੇਂ ਪਾਣੀ ਦੇ ਬਗੈਰ ਛੱਪੜੀ ਵਿਚ ਮਿੱਟੀ ਤਰੇੜਾਂ ਮਾਰ ਜਾਂਦੀ ਹੈ। ਉਹ ਲੋਕ ਇਕ ਦੂਜੇ ਦੇ ਜ਼ਖਮ ਛਿਲ ਛਿਲ ਕੇ ਖਾਈ ਜਾਂਦੇ ਸਨ। ਉਹਨਾਂ ਦੇ ਹੱਥਾਂ ਵਿਚ ਹਮੇਸ਼ਾਂ ਇਕ ਧੁਖਦੀ ਹੋਈ ਲਕੜੀ ਹੁੰਦੀ ਸੀ। ਜਿਸ ਦੀ ਮਦਦ ਨਾਲ ਅੱਗ ਬਾਲਕੇ ਉਹ ਆਪਣੇ ਸ਼ਿਕਾਰ ਨੂੰ ਜ਼ਮੀਨ ਉਤੇ ਭੁੰਨ ਕੇ ਖਾਂਦੇ ਸਨ। ਅਤੇ ਅੱਗ ਉਹਨਾਂ ਜੰਗਲਾਂ ਵਿਚ ਕਿਤੇ ਨਾ ਕਿਤੇ ਲੱਗੀ ਰਹਿੰਦੀ ਸੀ। ਇਹਨਾਂ ਲੋਕਾਂ ਤੋਂ ਬਚ ਕੇ ਰਹਿਣ ਲਈ ਸਾਨੂੰ ਇਕੱਠੇ ਮਿਲ ਕੇ ਜੰਗਲ ਵਿਚ ਤੁਰਨਾ ਪੈਂਦਾ ਸੀ।

ਕਾਲੇ ਸਿਆਹ ਰੰਗ ਦੀ ਮਿੱਟੀ ਵਾਲੇ ਉਸ ਟਾਪੂ ਦੀ ਧਰਤੀ ਉਤੇ ਸ਼ਾਇਦ ਅਸੀਂ ਪਹਿਲੇ ਤਹਿਜ਼ੀਬ ਯਾਫਤਾ ਆਦਮੀ ਸਾਂ ਜਿਹਨਾਂ ਦੇ ਪੈਰਾਂ ਦੇ ਨਿਸ਼ਾਨ ਉਹਨਾਂ ਜੰਗਲਾਂ ਉਤੇ ਪਏ ਹੋਣਗੇ। ਵਰਨਾ ਲੱਖਾਂ ਕਰੋੜਾਂ ਸਾਲਾਂ ਤੋਂ ਉਥੇ ਪਸ਼ੂ ਪੰਛੀਆਂ ਤੋਂ ਸਿਵਾ ਕੋਈ ਨਹੀਂ ਸੀ ਗਿਆ। ਇਹ ਆਦਮਖੋਰ ਹਬਸ਼ੀ ਲੋਕ ਵੀ ਉਹਨਾਂ ਦੇ ਵਿਚ ਸ਼ਾਮਿਲ ਸਨ।

ਰਾਤੀਂ ਸੌਣ ਲਗਿਆਂ ਕਈ ਵਾਰੀ ਜਾਪਾਨੀ ਲੋਕ ਸਾਨੂੰ ਸਵੇਰੇ ਕਰਨ ਵਾਲੇ ਕਮ ਬਾਰੇ ਹੁਕਮ ਸੁਣਾ ਦੇਂਦੇ ਕਿ ਜ਼ਹਾਜ਼ ਆ ਰਿਹਾ ਹੈ। ਉਸ ਦੇ ਵਿਚੋਂ ਸਾਮਾਨ ਉਤਾਰਨਾ ਹੈ। ਬੜੀ ਖੁਸ਼ੀ ਹੀ ਹੁੰਦੀ ਕਿ ਸ਼ਾਇਦ ਵਿਚੋਂ ਖਾਣ ਵਾਲੀ ਕੋਈ ਚੀਜ਼ ਸਾਡੇ ਹਿਸੇ ਵੀ ਆ ਜਾਏ। ਪਰ ਇਸ ਤਰਾਂ ਘਟ ਹੀ ਹੁੰਦਾ ਸੀ। ਆਪਣੇ ਹੱਥ ਨਾਲ ਜਾਪਾਨੀ ਸਾਨੂੰ ਕੁਝ ਨਹੀਂ ਦੇਂਦੇ ਸਨ, ਤੇ ਚੋਰੀ ਕਰਕੇ ਖਾਣ ਦੀ ਸਜ਼ਾ ਬੜੀ ਸਖਤ ਸੀ। ਇਸ ਕਰਕੇ ਅਸੀਂ ਪ੍ਰਾਰਥਨਾ ਕਰਕੇ ਸੌਂ ਜਾਂਦੇ, ਕਿ ਯਾ ਰੱਬਾ! ਇਹਨਾਂ ਦਾ ਬੇੜਾ ਗਰਕ ਕਰੀਂ। ਅਤੇ ਸਵੇਰੇ ਉਠ ਕੇ ਕੀ ਵੇਖਦੇ ਸੱਚ ਮੁੱਚ ਹੀ ਬੇੜਾ ਗਰਕ ਹੋਇਆ ਹੁੰਦਾ। ਰਾਤ ਨੂੰ ਅਮਰੀਕਾ ਦੇ ਜ਼ਹਾਜ਼ ਬੰਬ ਮਾਰਕੇ ਜਾਪਾਨੀਆਂ ਦੇ ਜਹਾਜ਼ ਡੋਬ ਜਾਂਦੇ। ਜਾਪਾਨੀ ਭਿੱਜੇ ਹੋਏ ਚੂਹਿਆਂ ਵਾਂਗ ਕੰਢੇ ਤੇ ਬੈਠੇ ਕਪੜੇ ਸੁਕਾ ਰਹੇ ਹੁੰਦੇ ਤੇ ਸਾਨੂੰ ਧਕ ਧਕ ਕੇ ਪਾਣੀ ਦੇ ਵਿਚ ਸੁਟਦੇ ਕਿ ਜਿਹੜਾ ਸਾਮਾਨ ਸਮੁੰਦਰ ਵਿਚ ਤੈਰ ਰਿਹਾ ਹੈ ਉਸ ਨੂੰ ਕੱਢ ਕੇ ਲਿਆਓ।

ਹੁਣ ਜੰਗਲ ਵਿਚੋਂ ਲੱਕੜੀਆਂ ਲਿਆ ਕੇ ਪੁਲ ਬਣਾਉਣ ਵਾਲਾ ਕੰਮ ਮੁਕ ਚੁਕਾ ਸੀ। ਅਤੇ ਕੋਈ ਟੋਕੀਓ ਤੋਂ ਜਹਾਜ਼ ਵੀ ਨਹੀਂ ਆ ਰਿਹਾ ਸੀ। ਜਿਸ ਤੇ ਚੜ੍ਹ ਕੇ ਜਾਪਾਨੀ ਸਾਡੇ ਲੋਕਾਂ ਨੂੰ ਕਿਸੇ ਹੋਰ ਟਾਪੂ ਵਿਚ ਲਿਜਾਣਾ ਚਾਹੁੰਦੇ ਸਨ। ਸਾਰਾ ਦਿਨ ਦੂਰ-ਦੂਰ ਨੀਲੇ ਕਾਲੇ ਝੱਗ ਉਛਾਲਦੇ ਪਾਣੀ ਉਤੇ ਨਜ਼ਰਾਂ ਟਿਕਾਈ ਅਸੀਂ ਲੋਕ ਸਮੁੰਦਰ ਦੇ ਕੰਢੇ ਰੇਤ ਉਤੇ ਲੇਟੇ ਇੰਤਜ਼ਾਰ ਕਰਦੇ ਰਹਿੰਦੇ। ਅਤੇ ਜਦੋਂ ਭੁੱਖ ਲਗਦੀ ਜੰਗਲ ਵਿਚੋਂ ਨਾਰੀਅਲ ਤੋੜ ਲਿਆਉਂਦੇ।

ਨੀਗਰੋ ਲੋਕ ਕਿਸੇ ਦੇ ਗੁਲਾਮ ਨਹੀਂ ਸਨ, ਉਹ ਵੀ ਜੰਗਲ ਵਿਚ ਜਾ ਛੁਪੇ ਸਨ। ਹੁਣ ਸਾਨੂੰ ਉਹਨਾਂ ਦੀ ਯਾਦ ਆਉਂਦੀ ਅਤੇ ਅਸੀਂ ਆਪਣੀ ਗਲਤੀ ਉਤੇ ਪਛਤਾਉਂਦੇ। ਅਸੀਂ ਕਾਹਨੂੰ ਉਹਨਾਂ ਨਾਲ ਨਫਰਤ ਕਰਦੇ ਰਹੇ? ਉਹਨਾਂ ਨੂੰ ਕਿਉਂ ਬੁਰਾ ਭਲਾ ਆਖਦੇ ਰਹੇ? ਉਹ ਭਾਵੇਂ ਲੱਖ ਗੰਦੇ ਸਨ, ਪਰ ਉਹਨਾਂ ਦੇ ਅਤੇ ਸਾਡੇ ਕਾਲੇ ਪੀਲੇ ਹੱਥ ਜਦੋਂ ਮਿਲ ਕੇ ਕੰਮ ਤੇ ਜੁਟ ਪੈਂਦੇ ਸਨ ਤਾਂ ਦਿਨਾਂ ਦਾ ਕੰਮ ਘੰਟਿਆਂ ਵਿਚ ਮੁਕ ਜਾਂਦਾ ਸੀ। ਉਹਨਾਂ ਦੀ ਅਸਲ ਕੀਮਤ ਦਾ ਸਾਨੂੰ ਉਦੋਂ ਪਤਾ ਲੱਗਾ ਜਦੋਂ ਪਤਾ ਨਹੀਂ ਉਹ ਕਿਧਰ ਜਾ ਛੁਪੇ ਸਨ। ਕਈ ਵਾਰ ਅਸੀਂ ਆਪਣੇ ਦਿਲਾਂ ਵਿਚ ਸੋਚਦੇ ਆਖਰ ਉਹ ਲੋਕ ਸਾਡੇ ਕੀ ਲਗਦੇ ਸਨ? ਜੋ ਸਾਡੀ ਖਾਤਰ ਭੱਜ ਭੱਜ ਕੇ ਕੰਮ ਕਰਦੇ ਸਨ। ਅਖੀਰ ਇਸ ਨਤੀਜੇ ਤੇ ਪਹੁੰਚਦੇ ਕਿ ਇਨਸਾਨੀ ਹਮਦਰਦੀ ਜਦੋਂ ਫੁਟ ਨਿਕਲਦੀ ਹੈ ਤਾਂ ਉਹ ਹੱਦਾਂ ਬੰਨੇ ਨਹੀਂ ਦੇਖਦੀ। ਉਹ ਰੰਗ ਮਜ਼੍ਹਬ ਕੌਮ ਤੇ ਨਸਲ ਨਹੀਂ ਵੇਖਦੀ।

ਦਿਨੇ ਜਿਹੜੀਆਂ ਖਾਲੀ ਬੋਰੀਆਂ ਅਸੀਂ ਮੋਢਿਆਂ ਤੇ ਰਖ ਕੇ ਕੰਮ ਕਰਦੇ ਸਾਂ, ਰਾਤੀਂ ਉਹੀ ਰੇਤ ਉਤੇ ਵਿਛਾ ਕੇ ਪੈ ਜਾਂਦੇ ਸਾਂ। ਇਸ ਤਰਾਂ ਦੀ ਇਕ ਸਾਂਗੋ-ਮੀਟੀ ਰਾਤ ਵਿਚ ਅਸੀਂ ਲੋਕ ਜ਼ਮੀਨ ਤੇ ਲੇਟੇ ਆਪਣੇ ਭਵਿਖ ਬਾਰੇ ਸੋਚ ਰਹੇ ਸਾਂ ਕਿ ਪਤਾ ਨਹੀਂ ਸਾਡੀ ਇਸ ਨਰਕ ਵਿਚੋਂ ਕਦੋਂ ਮੁਕਤੀ ਹੋਵੇਗੀ? ਸ਼ਾਇਦ ਜਦੋਂ ਤਕ ਜੰਗ ਜਾਰੀ ਹੈ। ਸਾਡੀ ਰਿਹਾਈ ਦੀ ਕੋਈ ਆਸ ਨਹੀਂ ਸੀ। ਅਤੇ ਲੜਾਈ ਦਾ ਕੁਝ ਪਤਾ ਨਹੀਂ ਸੀ ਉਹ ਮਾਰੋ ਮਾਰ ਚਲ ਰਹੀ ਸੀ ਪਤਾ ਨਹੀਂ ਕਦੋਂ ਮੁੱਕੇ।

ਚਾਹੀਦੇ ਹੀ ਸਾਡਾ ਉਹ ਹੀਰੋ ਹਬਸ਼ੀ ਕੈਪਟਨ ਆ ਗਿਆ, ਐਉਂ ਜਾਪਦਾ ਸੀ ਜਿਵੇਂ ਅਸੀਂ ਹੁਣ ਉਹਨਾਂ ਲੋਕਾਂ ਨੂੰ ਦਿਲ ਵਿਚ ਯਾਦ ਕਰਦੇ ਰਹਿੰਦੇ ਸਾਂ, ਉਹਨਾਂ ਨੂੰ ਵੀ ਸਾਡਾ ਖਿਆਲ ਸਤਾਉਂਦਾ ਰਿਹਾ ਸੀ। ਜਿਸ ਦੀ ਖਿੱਚ ਉਸ ਨੂੰ ਅੱਧੀ ਰਾਤ ਵੇਲੇ ਸਾਡੇ ਕੋਲ ਲੈ ਆਈ ਸੀ। ਉਹ ਛੁਪਦਾ-ਲੁਕਦਾ ਝਾੜੀਆਂ ਵਿਚੋਂ ਨਿਕਲ ਕੇ ਸਾਡੇ ਵਿਚਕਾਰ ਆ ਕੇ ਬੈਠ ਗਿਆ। ਜਿਸ ਗੱਲ ਦਾ ਉਸ ਨੂੰ ਡਰ ਮਾਰ ਰਿਹਾ ਸੀ, ਉਹ ਜਾਪਾਨੀ ਸਨ ਜੋ ਥੋੜ੍ਹੀ ਦੂਰ ਝੁੱਗੀਆਂ


BOOK NOW FLY LATER SAVE MONEY



SPECIAL FARES TO:
San Francisco Toronto London

Cheapest Fares To New Delhi, Bombay, Madras, Calcutta, Karachi, Colombo & Kathmandu

WE ARE AUTHORIZED AGENTS FOR.
JAL JAPAN AIR LINES
AIR CANADA
CATHAY PACIFIC
Canadian
Wardair Canada
KLM
UNITED

Goyal Travels Inc.
4152 Fraser St., Vancouver, B.C. V5V 4E8
PH. (604) 877-7777
TOLL FREE From B.C., Alberta, Saskatchewan & Manitoba.
1-800-663-8638
CALGARY Ph. (403) 235-6808
TORONTO (416) 593-6966

ਵਿਚ ਸੁੱਤੇ ਪਏ ਸਨ ।

ਉਸ ਨੇ ਸਭ ਨਾਲ ਵਾਰੀ ਵਾਰੀ ਹੱਥ ਮਿਲਾਇਆ ਅਤੇ ਗਿਣਤੀ ਕਰਨ ਤੋਂ ਬਾਅਦ ਸਾਡੇ ਵਿਚ ਕੁਝ ਘੱਟ ਬੰਦੇ ਵੇਖ ਕੇ ਅੱਖੀਆਂ ਦੇ ਨਾਲ ਸੁਆਲ ਕੀਤਾ, ਕਿਧਰ ਗਏ ? ਨਾ ਉਹ ਸਾਡੀ ਜ਼ਬਾਨ ਸਮਝਦਾ ਸੀ ਨਾ ਅਸੀਂ, ਪਰ ਦੋਸਤੀ ਤੇ ਲੜਾਈ ਜਦੋਂ ਕਰਨੀ ਹੋਵੇ ਕਿਸੇ ਬੋਲੀ ਦੀ ਲੋੜ ਨਹੀਂ ਹੁੰਦੀ । ਅਸੀਂ ਖਾਮੋਸ਼ ਇਸ਼ਾਰਿਆਂ ਵਿਚ ਇਕ ਦੂਜੇ ਦੀ ਸਭ ਗੱਲ ਸਮਝ ਰਹੇ ਸਾਂ । ਅਸਾਂ ਆਪਣੇ ਦੋਵੇਂ ਹੱਥ ਜੋੜ ਕੇ ਕੰਨ ਨਾਲ ਲਗਾ ਕੇ ਅੱਖਾਂ ਬੰਦ ਕਰ ਲਈਆਂ । ਜਿਸ ਤੋਂ ਉਹ ਸਮਝ ਗਿਆ ਕਿ 'ਮਰ ਗਏ', ਪਰ ਇਸ ਤੋਂ ਬਾਅਦ ਜਦ ਉਸ ਨੂੰ ਇਸ ਗੱਲ ਦਾ ਪਤਾ ਲਗਾ ਕਿ ਹੁਣ ਅਸਾਂ ਏਥੋਂ ਤੁਰ ਜਾਣਾ ਹੈ । ਸਾਡਾ ਕੰਮ ਖਤਮ ਹੋ ਗਿਆ ਹੈ ਤਾਂ ਉਹ ਕਿੰਨੀ ਦੇਰ ਤਕ ਵਿਖਾਦ ਦੀ ਮੂਰਤ ਬਣਿਆ ਚੁਪ ਬੈਠਾ ਕੁਝ ਸੋਚਦਾ ਰਿਹਾ। ਉਸਦਾ ਰੰਗ ਹਨੇਰੇ ਵਿਚ ਹੋਰ ਵੀ ਤੰਦੂਰ ਵਿਚ ਪਈ ਧੁਆਂਖੀ ਰੋਟੀ ਵਰਗਾ ਕਾਲਾ ਪੈ ਗਿਆ । ਉਧਰੋਂ ਚੜ੍ਹਦੇ ਵਲੋਂ ਸਵੇਰ ਦੇ ਸੂਰਜ ਦੀ ਲਾਲੀ ਸਾਗਰ ਦੇ ਵਿਚੋਂ ਲਿਸ਼ਕਾਂ ਮਾਰਨ ਲੱਗ ਪਈ। ਤੇ ਉਹ ਜਪਾਨੀਆਂ ਤੋਂ ਡਰਦਾ ਹੌਲੀ ਹੌਲੀ ਪੈਰ ਰਖਦਾ ਜੰਗਲ ਦੇ ਵਿਚ ਗਾਇਬ ਹੋ ਗਿਆ । ਜਾਂਦੇ ਦੀ ਪਿੱਠ ਅਤੇ ਜੰਗਲ ਦੇ ਹਿਲਦੇ ਹੋਏ ਝਾੜੀਆਂ ਬੂਟਿਆਂ ਦੀ ਯਾਦ ਹੁਣ ਤਕ ਦਿਲ ਵਿਚ ਬਾਕੀ ਹੈ । ਜੋ ਕਦੇ ਨਹੀਂ ਭੁੱਲ ਸਕਦੀ ।

ਉਸੇ ਦਿਨ ਸਾਡੇ ਕੋਲ ਸਮੁੰਦਰ ਦੇ ਕੰਢੇ ਜਾਪਾਨੀਆਂ ਦਾ ਇਕ ਸਟੀਮਰ ਆ ਕੇ ਖਲੋ ਗਿਆ । ਜਾਪਾਨੀ ਸਿਪਾਹੀਆਂ ਨੇ ਸਾਡੀ ਗਿਣਤੀ ਕੀਤੀ ਤੇ ਇਕ ਇਕ ਕਰ ਕੇ ਸਭ ਨੂੰ ਉਤੇ ਚਾੜ੍ਹ ਲਿਆ । ਨਿੱਕੇ ਜਹੇ ਜਹਾਜ਼ ਨੇ ਆਪਣਾ ਪੂਰਾ ਤਾਣ ਲਾ ਕੇ ਘੁੱਗੂ ਵਜਾਇਆ ਅਤੇ ਲੰਗਰ ਚੁਕ ਕੇ ਪਾਣੀ ਵਿਚ ਗੇੜਾ ਕੱਢ ਕੇ ਇਕ ਪਾਸੇ ਵਲ ਨੂੰ ਸਮੁੰਦਰ ਵਿਚ ਠਿੱਲ੍ਹ ਪਿਆ । ਸਾਡੀ ਸਭ ਦੀ ਨਜ਼ਰ ਉਸ ਕਾਲੀ ਦਲ-ਦਲ ਵਾਲੇ ਹਰੇ ਭਰੇ ਟਾਪੂ ਉਤੇ ਜੰਮੀ ਹੋਈ ਸੀ । ਜਿਸ ਨੂੰ ਨਰਕ ਸਮਾਨ ਸਮਝ ਕੇ ਅਸੀਂ ਉਥੋਂ ਨਿਕਲ ਜਾਣ ਦੀਆਂ ਅਰਦਾਸਾਂ ਕਰਦੇ ਰਹਿੰਦੇ ਸਾਂ, ਪਰ ਹੁਣ ਐਉਂ ਲਗ ਰਿਹਾ ਸੀ, ਜਿਵੇਂ ਸਾਡੇ ਦਿਲਾਂ ਨੂੰ ਕੋਈ ਧੂਹ ਪੈ ਰਹੀ ਸੀ, ਜਿਵੇਂ ਸਾਡੀ ਕੋਈ ਕੀਮਤੀ ਸ਼ੈਅ ਉਥੇ ਰਹਿ ਗਈ ਸੀ ਜੋ ਸਿਵਾਏ ਉਸ ਨੀਗਰੋ ਕੈਪਟਨ ਦੇ ਭਲਾ ਹੋਰ ਕੀ ਹੋ ਸਕਦੀ ਸੀ ? ਹੁਣ ਸਾਨੂੰ ਉਸ ਜਜ਼ੀਰੇ ਨਾਲ ਇਸ਼ਕ ਹੋ ਗਿਆ ਜਾਪਦਾ ਸੀ, ਕਈ ਮਹੀਨਿਆਂ ਦੀ ਸਾਡੀ ਮਿਹਨਤ ਦੇ ਨਾਲ ਬਣਾਏ ਹੋਏ ਉਸ ਲੱਕੜੀ ਦੇ ਪੁਲ ਦਾ ਅਕਸ ਪਾਣੀ ਵਿਚ ਲਹਿਰਾ ਰਿਹਾ ਸੀ। ਸਮੁੰਦਰ ਦੇ ਕੰਢੇ ਨਾਰੀਅਲ ਦੇ ਸੰਘਣੇ ਰੁਖ ਇਕ-ਦੂਜੇ ਨਾਲ ਲਗ ਕੇ ਖੜ ਸਹਿਮੇ ਹੋਏ ਸਾਨੂੰ ਚੁਪ-ਚਾਪ ਵੇਖ ਰਹੇ ਸਨ । ਜਿਵੇਂ ਆਖ ਰਹੇ ਹੋਣ ਜੇ ਤੁਸਾਂ ਤੁਰ ਹੀ ਜਾਣਾ ਸੀ ਤਾਂ ਸਾਡੇ ਭਰਾਵਾਂ ਨੂੰ ਵੱਢ ਕੇ ਪਾਣੀ ਦੇ ਵਿਚ ਕਿਉਂ ਗੱਡਿਆ ? ਜ਼ਾਲਮੋਂ ਹੁਣ ਅਸੀਂ ਇਕ ਦੂਜੇ ਨੂੰ ਕਿਸ ਤਰਾਂ ਮਿਲਾਂਗੇ ? ਜਿਉਂ ਜਿਉਂ ਜਹਾਜ਼ ਅੱਗੇ ਜਾ ਰਿਹਾ ਸੀ ਖੰਭਿਆਂ ਵਾਂਗ ਖਲੋਤੇ ਇਹ ਦਰਖਤ ਪਿਛੇ ਛੁਟਦੇ ਜਾ ਰਹੇ ਸਨ ।

ਜਾਪਾਨੀ ਸਿਪਾਹੀਆਂ ਨੇ ਜਹਾਜ਼ ਦੀ ਛੱਤ ਉਤੇ ਚੜ੍ਹ ਕੇ ਆਪੋ ਆਪਣੀਆਂ ਡਿਊਟੀਆਂ ਸੰਭਾਲ ਲਈਆਂ ਸਨ । ਕੋਈ ਦੂਰ ਦੂਰ ਤਕ ਸਮੁੰਦਰ ਦੀਆਂ ਲਹਿਰਾਂ ਗਿਣ ਰਿਹਾ ਸੀ ਤੇ ਕੋਈ ਆਪਣੀਆਂ ਬੰਦੂਕਾਂ ਨੂੰ ਟਿਕਾ ਰਿਹਾ ਸੀ ।

ਉਸ ਵੇਲੇ ਸਾਡੇ ਕੰਨਾਂ ਨਾਲ ਆ ਕੇ ਉਹ ਆਵਾਜ਼ ਫੇਰ ਟਕਰਾਈ, ਇੰਡੀਆ ਨੰਬਰ ਵਨ, ਇੰਡੀਆ ਨੰਬਰ ਵਨ' ਸਾਡੀਆਂ ਨਜ਼ਰਾਂ ਇਕ ਦਮ ਜਜ਼ੀਰੇ ਉਤੇ ਜੰਮ ਗਈਆਂ । ਕੀ ਵੇਖਿਆ, ਉਹ ਨੀਗਰੋ ਕੈਪਟਨ ਵਾਹੋ-ਦਾਹੀ ਬਾਹਾਂ ਹਵਾ ਵਿਚ ਮਾਰਦਾ ਕੰਢੇ ਕੰਢੇ ਦੌੜਦਾ ਨਾਹਰ ਮਾਰਦਾ ਜਾ ਰਿਹਾ ਸੀ । 'ਇੰਡੀਆ ਨੰਬਰ ਵਨ, ਇੰਡੀਆ ਨੰਬਰ ਵਨ' ਝਾੜੀਆਂ ਬੂਟੇ ਤੇ ਪੱਥਰ ਟਪਦਾ ਉਹ ਹਰ ਇਕ ਚੀਜ਼ ਕੁਚਲਦਾ, ਨਿਵਾਉਂਦਾ ਉਹ ਇਕ ਵਾਰੀ ਆਪਣਾ ਅੰਤਮ ਪੈਗਾਮ ਦੇਣ ਲਈ ਸਾਡੇ ਸਾਹਮਣੇ ਆ ਗਿਆ ਸੀ । ਉਸ ਨੂੰ ਜਾਪਾਨੀ ਸਿਪਾਹੀਆਂ ਨੇ ਵੇਖ ਕੇ ਨੱਕ ਮੂੰਹ ਚਾੜ੍ਹ ਲਿਆ ਅਤੇ ਦੂਰਬੀਨ ਸੁਟ ਕੇ ਰਫਲ ਚੁਕ ਲਈ । ਪਰ ਸਾਨੂੰ ਉਸ ਵੇਲੇ ਪਤਾ ਲਗਾ ਜਦੋਂ ਫਾਇਰ ਦੀ ਆਵਾਜ਼ ਨਾਲ ਉਸ ਦੀਆਂ ਨਾਚ ਕਰਦੀਆਂ ਬਾਹਵਾਂ ਹੇਠਾਂ ਡਿਗ ਪਈਆਂ ਤੇ ਉਸ ਤੋਂ ਬਾਅਦ ਉਹ ਖੁਦ ਵੀ ਮੂੰਧੇ ਮੂੰਹ ਪਾਣੀ ਦੇ ਵਿਚ ਜਾ ਪਿਆ ।

ਉਸ ਦੇ ਮੂੰਹ ਵਿਚੋਂ ਨਿਕਲੀ ਹੋਈ ਆਖਰੀ ਆਵਾਜ਼ ਸਿਸਕਦੀ ਹੋਈ ਪਾਣੀ ਤੋਂ ਤੈਰ ਕੇ ਬੜੀ ਮੁਸ਼ਕਲ ਨਾਲ ਸਾਡੇ ਤਕ ਪਹੁੰਚੀ ਤੇ ਫੇਰ ਖਾਮੋਸ਼ੀ ਛਾ ਗਈ ।

ਸਾਨੂੰ ਐਉਂ ਲੱਗਾ ਜਿਵੇਂ ਸਾਰੇ ਸ਼ਾਂਤ ਮਹਾਂਸਾਗਰ ਦਾ ਪਾਣੀ ਉਸ ਦੇ ਲਹੂ ਨਾਲ ਲਾਲ ਸੁਰਖ ਹੋ ਗਿਆ ਹੋਵੇ ।

●


UJJAL DOSANJH LAWYER

ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ
- ਇਮੀਗਰੇਸ਼ਨ ਦੀਆਂ ਅਪੀਲਾਂ
- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਉਜੱਲ ਦੁਸਾਂਝ

#202—5887 VICTORIA DRIVE,
VANCOUVER, B.C. V5P 3W5

PHONE 327-6381

*ਬਿਨਾਂ ਟਿੱਪਣੀ ਤੋਂ*

# ਇਹਨਾਂ ਸਵਾਲਾਂ ਦਾ ਜਵਾਬ ਨਹੀਂ ਪ੍ਰੋ: ਰਾਗੀ ਕੋਲ

ਪੰਜ ਦਸੰਬਰ ਦੀ ਦੁਪਿਹਰ ਦੇ 12 ਵਜੇ ਨਿੱਘੀ ਨਿੱਘੀ ਧੁੱਪ ਵਿਚ ਜਦ ਹਰ ਇਕ ਆਦਮੀ ਅਕਾਲ ਤਖਤ ਦੇ ਸਾਹਮਣੇ ਕਿਸੇ ਫੈਸਲੇ ਨੂੰ ਸੁਨਣ ਲਈ ਉਤਸਕ ਸੀ ਤਾਂ ਅਜਿਹੀ ਹੀ ਨਿੱਘੀ ਧੁੱਪ ਵਿਚ ਅਕਾਲ ਤਖਤ ਦੇ ਠੀਕ ਸਾਹਮਣੇ ਇਕ ਆਦਮੀ ਦੇ ਹੱਥ-ਪੈਰ ਕੰਬ ਰਹੇ ਸਨ। ਇਹ ਕੰਬ ਰਿਹਾ ਆਦਮੀ ਸੁਰਜੀਤ ਸਿੰਘ ਬਰਨਾਲਾ ਸੀ ਅਤੇ ਉਹ ਆਪਣੀ 'ਸਜ਼ਾ' ਲਵਾਉਣ ਲਈ ਅਕਾਲ ਤਖਤ ਤੇ ਪੇਸ਼ ਹੋਇਆ ਸੀ। ਜੇਕਰ ਇਕ ਪਾਸੇ 'ਅਪਰਾਧੀ' ਸੁਰਜੀਤ ਸਿੰਘ ਬਰਨਾਲਾ ਦੇ ਹੱਥ-ਪੈਰ ਕੰਬ ਰਹੇ ਸਨ ਤਾਂ ਦੂਜੇ ਪਾਸੇ ਦਰਸ਼ਨ ਸਿੰਘ ਰਾਗੀ ਦੇ ਚਿਹਰੇ ਤੇ ਵੀ ਤਨਾਅ ਦੀ ਝਲਕ ਦਿਖਾਈ ਦੇ ਰਹੀ ਸੀ। 'ਅਪਰਾਧੀ' ਦੇ ਕੰਬਣ ਦਾ ਕਾਰਨ ਤਾਂ ਸ਼ਾਇਦ ਉਸ ਦੀ ਉਮਰ ਅਤੇ 'ਬੇਵਜਾਹ ਦੀ ਸਜ਼ਾ' ਆਦਿ ਸਨ ਪਰ 'ਜੱਜ' ਦੇ ਚਿਹਰੇ ਦੇ ਤਨਾਅ ਸ਼ਾਇਦ ਅਕਾਲ ਤਖਤ ਦਾ ਰਾਜਸੀ ਇਸਤੇਮਾਲ ਸੀ ਅਤੇ ਇਹੀ ਸੋਚ ਉਸਦੇ ਚਿਹਰੇ ਤੋਂ ਝਲਕ ਰਹੀ ਸੀ ਭਾਵੇਂ ਉਸ ਨੇ ਲੁਕਾਉਣ ਦੀ ਬੜੀ ਕੋਸ਼ਿਸ਼ ਕੀਤੀ।

ਸਜ਼ਾ ਪਾਉਣ ਤੋਂ ਬਾਅਦ ਸ: ਬਰਨਾਲਾ ਤਾਂ ਪੱਤਰਕਾਰਾਂ ਨੂੰ ਮਿਲੇ ਬਿਨਾਂ ਚੰਡੀਗੜ੍ਹ ਨੂੰ ਕੂਚ ਕਰ ਗਏ ਪਰ ਪ੍ਰੋ: ਦਰਸ਼ਨ ਸਿੰਘ ਰਾਗੀ ਨੂੰ ਭਾਈ ਗੁਰਦਾਸ ਹਾਲ ਵਿਚ ਪੱਤਰਕਾਰਾਂ ਨੇ ਘੇਰ ਲਿਆ ਅਤੇ ਤਕਰੀਬਨ ਇਕ ਘੰਟਾ 'ਰਾਗੀ ਜੀ' ਤੇ ਸਵਾਲਾਂ ਦੀ ਉਹ ਬਛਾੜ ਪਈ ਕਿ ਉਹਨਾਂ ਦੇ ਅਸਲ ਵਿਚ ਪਸੀਨੇ ਛੁੱਟ ਗਏ। ਉਹ ਕਿਸੇ ਵੀ ਸਵਾਲ ਦਾ ਤਸੱਲੀ-ਬਖ਼ਸ਼ ਜਵਾਬ ਨਾ ਦੇ ਸਕੇ। ਬਹੁਤੇ ਸਵਾਲਾਂ ਤੇ ਟਾਲ ਮਟੋਲ ਕਰਦੇ ਦਿਖਾਈ ਦਿਤੇ ਅਤੇ ਉਹਨਾਂ ਦੇ ਬੇ ਸਿਰ-ਪੈਰ ਅਤੇ ਟੇਢੇ-ਮੇਢੇ ਜਵਾਬ ਪੱਤਰਕਾਰਾਂ ਦੀ ਤਸੱਲੀ ਨਾ ਕਰਵਾ ਸਕੇ।

ਉਦਾਹਰਣ ਦੇ ਤੌਰ ਤੇ ਜਦ ਉਹਨਾਂ ਤੋਂ ਇਹ ਪੁੱਛਿਆ ਗਿਆ ਕਿ 'ਬਰਨਾਲਾ ਨੂੰ ਧਾਰਮਿਕ ਸਜ਼ਾ ਕਿਉਂ ਦਿਤੀ ਗਈ ਜਦ ਕਿ ਉਹਨਾਂ ਦਾ ਅਪਰਾਧ ਧਾਰਮਿਕ ਨਹੀਂ ਸੀ, ਕਿਉਂਕਿ ਪਿਛਲੇ ਸਾਲ ਤੁਹਾਡੇ ਤੇ ਤੁਹਾਡੇ ਸਹਿਯੋਗੀ ਸਿੰਘ ਸਾਹਿਬਾਨ ਦੇ ਆਦੇਸ਼ ਤੇ ਬਰਨਾਲਾ ਨੇ ਆਪਣੀ ਰਾਜਸੀ ਪਾਰਟੀ ਅਕਾਲੀ ਦਲ (ਲੌਂਗੋਵਾਲ ਨੂੰ ਤੁਹਾਡੇ ਵਲੋਂ ਬਣਾਏ ਗਏ ਸੰਯੁਕਤ ਅਕਾਲੀ ਦਲ ਵਿਚ ਸ਼ਾਮਲ ਨਾ ਕਰਕੇ ਕੋਈ ਸਿੱਖ ਧਰਮ ਦਾ ਉਲੰਘਣ ਨਹੀਂ ਸੀ ਕੀਤਾ, 'ਤਾਂ ਪ੍ਰੋ: ਦਰਸ਼ਨ ਸਿੰਘ ਨੇ ਜਵਾਬ ਦਿਤਾ ਕਿ 'ਉਸ ਦਾ ਕਸੂਰ ਇਹ ਨਹੀਂ ਸੀ ਬਲਕਿ ਉਸ ਦਾ ਕਸੂਰ ਇਹ ਸੀ ਕਿ ਉਹ ਜਥੇਦਾਰਾਂ ਦੇ ਆਦੇਸ਼ ਤੇ ਅਕਾਲ ਤਖਤ ਤੇ ਪੇਸ਼ ਨਹੀਂ ਸੀ ਹੋਏ।' ਇਸ ਜਵਾਬ ਨੂੰ ਸੁਣ ਕੇ ਇਕ ਪੱਤਰਕਾਰ ਨੇ ਦਰਸ਼ਨ ਸਿੰਘ ਰਾਗੀ ਨੂੰ ਕਿਹਾ 'ਤੁਹਾਨੂੰ ਪਤਾ ਹੈ ਕਿ ਬਰਨਾਲਾ ਦੇ ਅਕਾਲ ਤਖਤ ਤੇ ਪੇਸ਼ ਨਾ ਹੋਣ ਦੀ ਵਜਾਹ ਕੀ ਸੀ। ਉਸ ਵਕਤ ਦਰਬਾਰ ਸਾਹਿਬ ਕੰਪਲੈਕਸ ਤੇ ਅੱਤਵਾਦੀਆਂ ਦਾ ਕਬਜ਼ਾ ਸੀ ਅਤੇ ਬਰਨਾਲਾ ਦਾ ਨਾਂ ਉਹਨਾਂ ਦੀ ਹਿੱਟ-ਲਿਸਟ ਤੇ ਸਭ ਤੋਂ ਉਪਰ ਸੀ। ਖੁਦ ਬਰਨਾਲਾ ਨੇ ਤੁਹਾਨੂੰ ਚਿੱਠੀ ਲਿਖੀ ਸੀ ਕਿ ਉਹ ਅਕਾਲ ਤਖਤ ਤੇ ਪੇਸ਼ ਹੋਣਾ ਚਾਹੁੰਦੇ ਹਨ ਪਰ ਸੁਰੱਖਿਆ ਕਾਰਨਾਂ ਕਰਕੇ ਅਜਿਹਾ ਨਹੀਂ ਕਰ ਸਕਦੇ ਤਾਂ ਉਸ ਸਮੇਂ ਉਹਨਾਂ ਦੀ ਅਪੀਲ ਕਿਉਂ ਨਾ ਸੁਣੀ ਗਈ ਅਤੇ ਇਕਤਰਫਾ ਕਾਰਵਾਈ ਕਰਕੇ ਪੰਥ 'ਚੋਂ ਕਿਉਂ ਛੇਕ ਦਿਤਾ ਗਿਆ' ਇਸ ਤੇ ਪ੍ਰੋ: ਰਾਗੀ ਕੋਲ ਕੋਈ ਠੋਸ ਦਲੀਲ ਨਹੀਂ ਸੀ, ਜਦ ਕਿ ਆਪ ਛੇਤੀ ਕੀਤੇ ਉਹ ਦਲੀਲ ਦੇ ਮਾਮਲੇ ਵਿਚ ਕਿਸੇ ਨੂੰ ਖੰਘਣ ਨਹੀਂ ਦਿੰਦੇ।

ਪ੍ਰੋ: ਰਾਗੀ ਨੂੰ ਇਕ ਸਵਾਲ ਇਹ ਵੀ ਕੀਤਾ ਗਿਆ ਕਿ ਕੀ ਤੁਹਾਡਾ ਨਵਾਂ ਲਿਆ ਫੈਸਲਾ ਰਾਜਨੀਤੀ ਤੋਂ ਪ੍ਰੇਰਤ ਨਹੀਂ ਹੈ, ਇਸ ਤੇ ਇਕ ਸਿੱਖ ਪੱਤਰਕਾਰ ਨੇ ਦਾਅਵੇ ਨਾਲ ਕਿਹਾ ਕਿ ਤੁਸੀਂ ਬਰਨਾਲਾ ਨੂੰ ਸਜ਼ਾ ਦੇਣ ਦਾ ਫੈਸਲਾ ਅਕਾਲੀ ਦਲ (ਤਲਵੰਡੀ) ਦੇ ਨੇਤਾਵਾਂ ਦੇ ਦਬਾਅ ਥੱਲੇ ਕੀਤਾ ਅਤੇ ਇਸ ਦਾ ਫੈਸਲਾ ਪਿਛਲੀ ਰਾਤ ਹੀ ਲੈ ਲਿਆ ਗਿਆ ਸੀ।

ਤਾਂ ਇਸੇ ਤੇ ਪ੍ਰੋ: ਰਾਗੀ ਨੇ ਉੱਤਰ ਦਿਤਾ ਕਿ ਸਜ਼ਾ ਦਾ ਫੈਸਲਾ ਅੱਜ ਉਸੇ ਟਾਈਮ ਹੀ ਲਿਆ ਗਿਆ ਸੀ ਜਦ ਬਰਨਾਲਾ ਨੂੰ ਸਜ਼ਾ ਸੁਣਾਈ ਗਈ। ਇਸ ਤੇ ਉਸ ਪੱਤਰਕਾਰ ਨੇ ਦੁਬਾਰਾ ਪੁੱਛਿਆ ਕਿ ਜੇ ਫੈਸਲਾ ਅੱਜ ਹੀ ਲਿਆ ਗਿਆ ਤਾਂ ਫਿਰ ਬਰਨਾਲਾ ਦੇ ਗਲ ਵਿਚ ਲਟਕਾਈ ਫੱਟੀ

ਬਾਕੀ ਸਫਾ 27 ਉਤੇ


**dhannu printing co. ltd.**

**ਧੰਨੂ ਪ੍ਰਿੰਟਿਗ ਕੰਪਨੀ ਲਿਮਿ:**

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

"FOR ALL YOUR PRINTING NEEDS"

Ph. Bus. 585-2004 Res. 585-7916

10281 - 133A St., SURREY, B.C. V3T 4A1

# ਕੈਨੇਡਾ ਦੇ ਨਵੇਂ ਇਮੀਗਰੇਸ਼ਨ ਨਿਯਮ

ਗੁਰਨਾਮ ਸਿੰਘ ਸੰਘੇੜਾ

ਕੈਨੇਡਾ ਦੀ ਇਮੀਗਰੇਸ਼ਨ ਮੰਤਰੀ ਬਾਰਬਰਾ ਮੈਕਡੂਗਲ ਨੇ 27 ਮਈ 1988 ਨੂੰ ਇਮੀਗਰੇਸ਼ਨ ਦੇ ਨਿਯਮਾਂ ਵਿਚ ਸੋਧ ਕੀਤੀ। ਇਸ ਨਾਲ ਪੁਆਇੰਟ (ਨੰਬਰਾਂ) ਸਿਸਟਮ ਵਿਚ ਥੋੜ੍ਹੀ ਜਿਹੀ ਸੋਧ ਹੈ। ਅਤੇ ਵੱਡੀ ਬਦਲੀ ਇਹ ਹੈ ਕਿ **ਕਦੇ ਭੀ ਨਾ ਵਿਆਹੇ ਹੋਏ**, ਕਿਸੇ ਭੀ ਉਮਰ ਦਾ ਪੁਤਰ ਅਤੇ ਧੀ ਸਪੌਂਸਰ ਕਰਕੇ ਕੈਨੇਡਾ ਮੰਗਵਾਏ ਜਾ ਸਕਦੇ ਹਨ। ਇਹ "ਫੈਮਿਲੀ ਕਲਾਸ" ਵਿਚ ਆਉਂਦੇ ਹਨ। ਕਦੇ ਭੀ ਨਾ ਵਿਆਹੇ ਹੋਏ ਕਿਸੇ ਭੀ ਉਮਰ ਦੇ ਪੁੱਤਰ-ਧੀ ਨੂੰ ਪਰਿਵਾਰ ਦਾ ਹਿੱਸਾ ਮੰਨਿਆ ਗਿਆ ਹੈ ਜੋ ਚੰਗੀ ਗੱਲ ਹੈ।

ਇਥੇ ਅਤੇ ਖਾਸ ਕਰ ਭਾਰਤ ਵਿਚ ਬਹੁਤ ਸਾਰੇ ਏਜੰਟਾਂ ਨੇ ਇਸ ਸੋਧ ਬਾਰੇ ਕਈ ਕਿਸਮ ਦੀਆਂ ਗੱਲਾਂ ਕੀਤੀਆਂ ਹਨ। ਭਾਰਤ ਵਿਚੋਂ ਤਾਂ ਅਨੇਕਾਂ ਰਿਸ਼ਤੇਦਾਰਾਂ ਦੀਆਂ ਚਿੱਠੀਆਂ ਆਈਆਂ ਹਨ ਕਿ ਹੁਣ ਤਾਂ ਰਿਸ਼ਤੇਦਾਰ ਭੀ ਮੰਗਵਾਏ ਜਾ ਸਕਦੇ ਹਨ ਅਤੇ ਨੰਬਰ ਭੀ ਵਧ ਗਏ ਹਨ। ਸੋ ਭਾਰਤ ਵਿਚ ਕਾਫੀ ਗਲਤ ਫਹਿਮੀ ਪੈਦਾ ਕੀਤੀ ਗਈ ਹੈ। ਇਹਨਾਂ ਸੋਧਾਂ ਅਤੇ ਇਮੀਗਰੇਸ਼ਨ ਲੈਣ ਲਈ ਵੱਖ ਵੱਖਰੀਆਂ ਧਾਰਾਵਾਂ, ਰੂਲਾਂ, ਪੁਆਇੰਟਾਂ ਅਤੇ ਇਮੀਗਰੈਂਟਾਂ ਦੀਆਂ ਕੈਟੇਗਰੀਆਂ ਬਾਰੇ ਕਿਸੇ ਨੇ ਭੀ ਨਹੀਂ ਦਸਿਆ। ਨਾਲ ਇਹ ਭੀ ਸਾਫ ਨਹੀਂ ਕੀਤਾ ਕਿ ਇਮੀਗਰੇਸ਼ਨ, ਸੈਰ, ਵਿਦਿਆਰਥੀ ਜਾਂ ਪਰਿਵਾਰਕ ਧਾਰਾ ਥੱਲੇ ਇਧਰ ਆਉਣ ਲਈ ਕਿਸੇ ਏਜੰਟ ਜਾਂ ਵਕੀਲ ਦੀ ਲੋੜ ਨਹੀਂ।

ਇਹ ਸੋਧਾਂ ਇਮੀਗਰੇਸ਼ਨ ਕਾਨੂੰਨ ਵਿਚ ਨਹੀਂ। ਇਮੀਗਰੇਸ਼ਨ ਦਾ ਕਾਨੂੰਨ ਤਾਂ 1976 ਵਾਲਾ ਹੀ ਹੈ ਜੋ 10 ਅਪਰੈਲ ਤੋਂ ਪਹਿਲਾਂ ਫੈਡਰਲ ਸਰਕਾਰ ਨੇ ਇਮੀਗਰੇਸ਼ਨ ਦੀ ਨੀਤੀ ਵਿਚ ਵੱਡੀ ਸੋਧ ਦਾ ਐਲਾਨ (ਸਤੰਬਰ 1973) ਵਿਚ ਕੀਤਾ। ਜਥੇਬੰਦੀਆਂ ਅਤੇ ਵਿਅਕਤੀਆਂ ਆਦਿ ਤੋਂ ਸੁਝਾਅ ਅਤੇ ਮੈਮੋਰੈਂਡਮ ਮੰਗੇ ਗਏ। ਬੜੀ ਜ਼ਬਰਦਸਤ ਬਹਿਸ ਹੋਈ। ਵਿਚਾਰ ਵਟਾਂਦਰੇ ਲਈ ਚਾਰ ਜਿਲਦਾਂ ਵਿਚ ਗਰੀਨ ਪੇਪਰ ਤਿਆਰ ਕੀਤੇ ਗਏ। ਇਹਨਾਂ ਵਿਚ ਵਿਤਕਰਾ ਅਤੇ ਨਸਲਵਾਦ ਉਭਰ ਕੇ ਸਾਹਮਣੇ ਆਇਆ ਅਤੇ ਭਾਰਤੀਆਂ, ਪਾਕਿਸਤਾਨੀਆਂ ਅਤੇ ਕਾਲੇ ਭੂਰੇ ਲੋਕਾਂ ਦੇ ਵਿਰੁਧ ਭੀ ਅੰਕਿਤ ਹੈ। ਪਾਰਲੀਮੈਂਟ ਦੀ ਕਮੇਟੀ ਨੇ ਸਾਰੇ ਦੇਸ਼ ਵਿਚ ਸੁਣਵਾਈ ਕੀਤੀ ਅਤੇ 24 ਨਵੰਬਰ 1976 ਨੂੰ ਪਾਰਲੀਮੈਂਟ ਦੇ ਵਿਚ ਇਮੀਗਰੇਸ਼ਨ ਬਿੱਲ ਪੇਸ਼ ਕੀਤਾ ਜੋ 5 ਅਗਸਤ 1977 ਨੂੰ ਪਾਸ ਹੋਇਆ। ਇਹਨਾਂ ਬਹਿਸਾਂ ਤੇ ਗਰੀਨ ਪੇਪਰ ਵਿਚ ਸਾਫ ਹੋਇਆ ਕਿ ਰੰਗਦਾਰ ਲੋਕਾਂ ਦੀ ਇਮੀਗਰੇਸ਼ਨ ਨੂੰ ਸੀਮਤ/ਘੱਟ ਕੀਤਾ ਜਾਏ। ਸੋ ਤੀਜੀ ਦੁਨੀਆਂ ਵਿਚ ਕੈਨੇਡੀਅਨ ਇਮੀਗਰੇਸ਼ਨ ਦੇ ਦਫਤਰ ਘਟਾਏ ਗਏ ਅਤੇ ਯੂਰਪ, ਅਮਰੀਕਾ, ਨੀਊਜ਼ੀਲੈਂਡ ਆਦਿ ਵਿਚ ਵਧਾਏ ਗਏ। ਭਾਵੇਂ ਕਿ 1966 ਦੇ ਵ੍ਹਾਈਟ ਪੇਪਰ ਵਿਚ ਇਮੀਗਰੇਸ਼ਨ ਵਧਾਉਣ ਬਾਰੇ ਆਖਿਆ ਸੀ ਪਰ 1976 ਵਿਚ ਘਟਾਉਣ ਬਾਰੇ ਆਖਿਆ।

ਕੈਨੇਡੀਅਨ ਇਮੀਗਰੇਸ਼ਨ ਦੀ ਨੀਤੀ ਸਦਾ ਹੀ ਅਗਾਂਹ ਵਧੂ ਲੋਕਾਂ ਅਤੇ ਫੌਜੀ ਡਿਕਟੇਟਰਾਂ ਜਾਂ ਅਤਿ ਪਿਛਾਖੜ ਤੋਂ ਆ ਜਾਂ ਭੱਜ ਰਹੇ ਲੋਕਾਂ ਦੇ ਵਿਰੁਧ ਰਹੀ ਹੈ (ਅਤੇ ਹੈ)। ਇਹ ਅਫਗਾਨਿਸਤਾਨ, ਨਿਕਾਰਗੁਆ ਅਤੇ ਪੋਲੈਂਡ ਵਿਚੋਂ ਭੱਜ ਕੇ ਆਉਣ ਨੂੰ ਹੱਲਾਸ਼ੇਰੀ ਦਿੰਦੇ ਹਨ ਪਰ ਚਿੱਲੀ, ਇਲਸਿਲਵੇਡੋਰ ਆਦਿ ਤੋਂ ਭੱਜ ਕੇ ਆਉਂਦਿਆਂ ਨੂੰ ਮੋੜਦੇ ਹਨ।

ਹੁਣ ਕੈਨੇਡਾ ਦੀ ਬੁੱਢੀ ਹੋ ਰਹੀ ਆਬਾਦੀ ਵੱਧ ਰਹੀ ਹੈ ਅਤੇ ਜਨਰਲ ਆਬਾਦੀ ਘੱਟ ਰਹੀ ਹੈ। ਇਸ ਬਾਰੇ ਭੀ ਇਹ ਚਿੰਤਾਤੁਰ ਹਨ। ਪਰ ਦਬਾਅ ਇਹ ਹੈ ਕਿ ਚਿੱਟੇ ਦੇਸ਼ਾਂ ਤੋਂ ਹੋਰ ਇਮੀਗਰੇਸ਼ਨ ਵਧਾਉ। ਪਰ ਹੁਣ ਇਮੀਗਰੇਸ਼ਨ ਤਾਂ ਦੁਨੀਆਂ ਦੇ ਪੱਧਰ ਦੀ ਗੱਲ ਹੈ। ਇਕ ਤੋਂ ਡੇਢ ਕਰੋੜ ਤਾਂ ਲੋਕ ਸ਼ਰਨਾਰਥੀ (ਰਿਫੀਊਜ਼ੀ) ਇਕ ਤੋਂ ਦੂਜੇ ਦੇਸ਼ ਵਿਚ ਆ ਜਾ ਰਹੇ ਹਨ। ਰਿਫੀਊਜ਼ੀਆਂ ਸੰਬੰਧੀ ਕੈਨੇਡਾ ਦੇ ਦੋ ਆ ਰਹੇ ਐਕਟ ਭੀ ਇਸ ਦੇ ਆਪਣੇ ਵਾਅਦਿਆਂ ਤੋਂ ਨੀਵੇਂ ਅਤੇ ਵਿਤਕਰੇ ਵਾਲੇ ਹਨ।

1976 ਦਾ ਇਮੀਗਰੇਸ਼ਨ ਕਾਨੂੰਨ ਭੀ ਪਰਿਵਾਰ ਦੀ ਏਕਤਾ ਅਤੇ ਇਕੱਠੇ ਕਰਨ ਬਾਰੇ ਆਖਦਾ ਹੈ। ਪਰ ਕੈਨੇਡੀਅਨ ਇਮੀਗਰੇਸ਼ਨ ਨੀਤੀਆਂ ਵਿਤਕਰੇ ਭਰੀਆਂ ਹਨ ਜਿਵੇਂ ਸਾਡੇ ਲੋਕਾਂ ਦੇ ਵਿਆਹਾਂ ਨੂੰ (ਕਈ ਵਾਰ) ਮੌਕਾ ਕੱਢੂ ਆਖ ਕੇ ਰੱਦ ਕੀਤਾ ਜਾਂਦਾ ਹੈ। ਜਨਵਰੀ 1987 ਦੀ ਨੀਲਸਨ ਟਾਸਕ ਫੋਰਸ ਦੀ ਰੀਪੋਰਟ ਭੀ ਸਾਫ ਹੀ ਰੰਗ ਦੇ ਵਿਤਕਰੇ ਦੇ ਪੱਖ ਤੋਂ ਆਖਦੀ ਹੈ ਕਿ ਗਿਣਤੀ ਨਾਲੋਂ "ਕਿਹੜੀ ਕਿਸਮ ਦੇ ਲੋਕ ਇਮੀਗਰੈਂਟ ਦੇ ਤੌਰ ਤੇ ਆਉਂਦੇ ਹਨ, ਜ਼ਿਆਦਾ ਮਹੱਤਤਾ ਰਖਦਾ ਹੈ।"

27 ਮਈ 1988 ਨੂੰ ਭੀ ਇਮੀਗਰੇਸ਼ਨ ਮੰਤਰੀ ਨੇ ਇਹ ਹੀ ਆਖਿਆ ਕਿ ਇਹ ਸੋਧਾਂ ਪਰਿਵਾਰਾਂ ਨੂੰ ਕੈਨੇਡਾ ਵਿਚ ਇਕੱਠਾ ਕਰਨ ਲਈ ਹੋਰ ਸਹੂਲਤਾਂ ਦੇਣ ਦੇ ਪੱਖ ਤੋਂ ਹੈ। ਇਹ 8 ਜੁਲਾਈ 1988 ਨੂੰ ਲਾਗੂ ਹੋਏ ਹਨ। ਇਸ ਵਿਚ ਦੋ ਮੁਖ ਸੋਧਾਂ ਹਨ ਜਿਹਨਾਂ ਵਿਚੋਂ **ਕਦੇ ਭੀ ਨਾ ਵਿਆਹੇ ਹੋਏ**, ਕਿਸੇ ਭੀ ਉਮਰ ਦੇ ਧੀ/ਪੁੱਤਰ ਇਧਰ ਆ ਸਕਦੇ ਹਨ। ਭਾਵ ਇਹ ਹੈ ਕਿ ਜੇ ਕਰ ਇਥੇ ਰਹਿੰਦੀ ਧੀ ਜਾਂ ਪੁੱਤਰ ਆਪਣੇ ਮਾਂ ਬਾਪ (ਜਿਹਨਾਂ ਦੀ ਉਮਰ 60 ਸਾਲ ਜਾਂ ਉਪਰ — ਅਤੇ ਵਿਧਵਾ ਮਾਂ ਕਿਸੇ ਭੀ ਉਮਰ ਦੀ ਨੂੰ ਮੰਗਵਾਇਆ ਜਾ ਸਕਦਾ) ਨੂੰ ਇਧਰ ਮੰਗਵਾਉਂਦੇ ਹਨ ਤਾਂ ਉਹਨਾਂ ਦੇ ਨਾਲ ਉਹਨਾਂ ਦੇ **ਕਦੇ ਭੀ ਨਾ ਵਿਆਹੇ ਹੋਏ** ਤੇ ਕਿਸੇ ਭੀ ਉਮਰ ਦੇ ਧੀ/ਪੁੱਤਰ (ਦੂਜੇ ਸ਼ਬਦਾਂ ਵਿਚ ਸਪੌਂਸਰ ਕਰਨ ਵਾਲੇ ਦੇ ਭੈਣ ਭਾਈ) ਮੰਗਵਾਏ ਜਾ ਸਕਦੇ ਹਨ। ਪਰ ਜੇ ਮਾਂ ਬਾਪ ਨਹੀਂ ਹਨ ਤਾਂ ਮੰਗਵਾਏ ਨਹੀਂ ਜਾ ਸਕਦੇ। ਸੋ ਮਾਂ ਬਾਪ ਦਾ ਇਧਰ ਜਾਂ ਉਧਰ ਹੋਣਾ ਜ਼ਰੂਰੀ ਹੈ। ਇਹ ਚੰਗੀ ਮੱਦ ਹੈ ਇਧਰ ਰਹਿੰਦੇ ਮਾਂ ਜਾਂ ਬਾਪ ਜਾਂ ਮਾਂ ਬਾਪ, ਆਪਣੇ ਪਿਛੇ ਰਹਿ ਗਏ, ਕਦੇ ਭੀ ਨਾ ਵਿਆਹੇ ਪੁੱਤਰ/ਧੀ ਨੂੰ ਸੱਦ ਸਕਦੇ ਹਨ। ਇਹ ਫੈਮਿਲੀ ਕਲਾਸ ਵਿਚ ਆਉਂਦੇ ਹਨ। ਪਰ ਸੱਦਣ ਲਈ ਬਾਕੀ ਦੀਆਂ ਇਮੀਗਰੇਸ਼ਨ ਸ਼ਰਤਾਂ ਜਿਵੇਂ ਹੈਲਥ (ਡਾਕਟਰੀ) ਪਾਸ ਹੋਣਾ ਅਤੇ ਕੈਨੇਡਾ ਵਿਚ ਯੋਗ ਆਮਦਨ ਤੇ ਰਹਿਣ ਲਈ ਯੋਗ ਥਾਂ ਦਾ ਸਬੂਤ ਦੇਣਾ ਜ਼ਰੂਰੀ ਹੈ। ਇਸ ਵਰਗ ਜਾਂ ਫੈਮਿਲੀ ਕਲਾਸ ਵਿਚ ਨੰਬਰਾਂ ਜਾਂ ਪੁਆਇੰਟਾਂ ਦੀ ਕੋਈ ਗੱਲ ਨਹੀਂ।

1976 ਦੇ ਇਮੀਗਰੇਸ਼ਨ ਕਾਨੂੰਨ ਦੀ ਧਾਰਾ 7 ਅਨੁਸਾਰ ਕੇਂਦਰੀ ਸਰਕਾਰ ਸਾਰੇ ਸੂਬਿਆਂ ਨਾਲ ਸਲਾਹ ਮਸ਼ਵਰਾ ਕਰਕੇ ਤੈਅ ਕਰਦੀ ਹੈ ਕਿ ਆਉਣ ਵਾਲੇ ਇਕ ਸਾਲ ਵਿਚ ਕਿਹੜੀ ਕਿਹੜੀ ਕੈਟੇਗਰੀ ਦੇ ਕਿੰਨੇ ਕਿੰਨੇ ਬੰਦੇ (ਇਮੀਗਰੈਂਟ) ਆਉਣ ਦੇਣੇ ਹਨ। ਜਿਵੇਂ 1988-89 ਵਿਚ 125000 ਤੋਂ 135000 ਇਮੀਗਰੈਂਟ ਆਉਣ ਦੇਣੇ ਹਨ। ਇਹਨਾਂ ਵਿਚ ਪੰਜਾਹ ਹਜ਼ਾਰ ਫੈਮਿਲੀ ਕਲਾਸ (ਭਾਵ ਮਾਂ ਬਾਪ ਤੇ ਉਹਨਾਂ ਉਪਰ ਨਿਰਭਰ ਕਰਦੇ ਭੀ ਨਾ ਵਿਆਹੇ ਹੋਏ ਕਿਸੇ ਭੀ ਉਮਰ ਦੇ ਬੱਚੇ, ਸਪੌਂਸਰ ਕਰਨ ਵਾਲੇ ਦਾ ਪਤੀ ਜਾਂ ਪਤਨੀ ਅਤੇ ਉਹਨਾਂ ਦੇ ਬੱਚੇ) ਆਉਣ ਦੇਣੇ ਹਨ। ਮਾਂ ਬਾਪ ਤੇ ਨਿਰਭਰ ਬੱਚਿਆਂ ਨੂੰ ਦਸ ਸਾਲ ਲਈ ਸਪੌਂਸਰ ਕੀਤਾ ਜਾਂਦਾ ਹੈ, ਭਾਵ ਦਸ ਸਾਲ ਲਈ ਉਹਨਾਂ ਦੀ ਰਿਹਾਇਸ਼, ਰੋਟੀ, ਕੱਪੜਾ ਤੇ ਡਾਕਟਰੀ ਆਦਿ ਦੀ ਜ਼ਿਮੇਂਵਾਰੀ ਹੈ। ਫੈਮਿਲੀ ਕਲਾਸ ਨੂੰ ਸਪੌਂਸਰ ਕਰਨ ਲਈ ਕੈਨੇਡਾ ਵਿਚ ਰਹਿੰਦੇ ਹੋਣਾ ਜ਼ਰੂਰੀ ਹੈ।

ਜੇ ਰੀਟਾਇਰ ਹੋਏ ਵਿਅਕਤੀ ਪਾਸ ਆਪਣੇ ਮਾਇਕ ਸਾਧਨ ਕਾਫੀ ਹਨ ਅਤੇ ਉਸ ਨੇ ਇਧਰ ਕੰਮ ਨਹੀਂ ਕਰਨਾ ਤਾਂ (ਘੱਟੋ ਘੱਟ ਉਮਰ 55 ਸਾਲ ਤੋਂ ਉਪਰ ਹੋਵੇ) ਉਸ ਨੂੰ ਭੀ ਇਮੀਗਰੇਸ਼ਨ ਲਈ ਪੁਆਇੰਟ ਸਿਸਟਮ ਦੀ ਲੋੜ ਨਹੀਂ। ਇਸ ਹੀ ਤਰ੍ਹਾਂ ਰਿਫੀਊਜ਼ੀ ਕਲੇਮ ਵਾਲਿਆਂ ਨੂੰ ਭੀ ਪੁਆਇੰਟ ਸਿਸਟਮ ਦੀ ਲੋੜ ਨਹੀਂ। ਇਸ ਸਿਸਟਮ ਵਿਚ ਫੈਮਿਲੀ ਕਲਾਸ ਅਤੇ ਰਿਫੀਊਜੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ।

1976 ਦੇ ਇਮੀਗਰੇਸ਼ਨ ਕਾਨੂੰਨ ਦੀ ਧਾਰਾ 6 ਅਨੁਸਾਰ ਇਮੀਗਰੈਂਟਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਹੋਇਆ ਹੈ। ਇਕ ਫੈਮਿਲੀ ਕਲਾਸ (ਜਿਵੇਂ ਉਪਰ

ਦੱਸਿਆ), ਦੂਜੇ ਕਨਵੈਨਸ਼ਨ ਰਿਫੀਊਜ਼ੀ ਅਤੇ ਤੀਜਾ ਵਰਗ ਹੈ ਆਜ਼ਾਦ ਤੇ ਹੋਰ ਇਮੀਗਰੈਂਟ । ਦੂਜੇ ਵਰਗ ਵਾਲੇ ਕਨਵੈਨਸ਼ਨ ਰਿਫੀਊਜ਼ੀ ਉਹ ਹਨ ਜਿਹਨਾਂ ਨੂੰ ਆਪਣੀ ਕੌਮੀਅਤ ਵਾਲੇ ਆਪਣੇ ਦੇਸ਼ ਵਿਚ ਨਸਲ, ਧਰਮ, ਕੌਮੀਅਤ, ਕਿਸੇ ਖਾਸ ਸਮਾਜੀ ਗਰੁਪ ਦੀ ਮੈਂਬਰਸ਼ਿਪ ਜਾਂ ਸਿਆਸੀ ਰਾਇ ਕਾਰਨ ਆਪਣੀ ਜਾਨ ਨੂੰ ਖਤਰਾ ਹੋਵੇ । ਅਤੇ ਉਹ ਜਾਨ ਨੂੰ ਡਰ ਦੇ ਕਾਰਨ ਵਾਪਸ ਦੇਸ਼ ਨਾ ਜਾ ਸਕਦਾ ਹੋਵੇ । ਕੋਈ ਭੀ ਕੈਨੇਡੀਅਨ ਜਥੇਬੰਦੀ (ਰਜਿਸਟਰਡ) ਜਾਂ ਗਰੁਪ ਰਿਫੀਊਜ਼ੀ ਜਾਂ ਇਨਸਾਨੀਅਤ ਦੇ ਨਾਮ ਉਪਰ ਕਿਸੇ ਹੰਗਾਮੀ ਹਾਲਾਤ ਦਾ ਸ਼ਿਕਾਰ ਵਿਅਕਤੀ/ਵਿਅਕਤੀਆਂ (ਪਰ ਕੈਨੇਡੀਅਨ ਸਰਕਾਰ ਨੇ ਪਹਿਲਾਂ ਉਹਨਾਂ ਲੋਕਾਂ ਨੂੰ "ਨਿਸਚਿਤ ਕਲਾਸ" ਗਰਦਾਨਿਆ ਹੋਵੇ) ਨੂੰ ਸਪੌਂਸਰ ਕਰ ਸਕਦੇ ਹਨ । ਕਨਵੈਨਸ਼ਨ ਰਿਫੀਊਜ਼ੀ ਨੂੰ ਪੂਰੀ ਕਾਨੂੰਨੀ ਕਾਰਵਾਈ ਕੀਤੇ ਬਿਨਾਂ ਬਾਹਰ ਨਹੀਂ ਕੱਢਿਆ ਜਾ ਸਕਦਾ ।

ਤੀਜੇ ਆਜ਼ਾਦ ਅਤੇ ਹੋਰ ਇਮੀਗਰੈਂਟਾਂ ਦੀ ਕੈਟੇਗਰੀ ਵਿਚ ਅਸਿਸਟਿਡ ਰਿਸ਼ਤੇਦਾਰ, ਵਪਾਰੀ, ਪੈਸਾ ਲਾਊਣ ਵਾਲੇ ਆਪਣਾ ਘਰ ਦਾ ਕਾਰੋਬਾਰ ਸਥਾਪਤ ਕਰਨ ਵਾਲੇ ਅਤੇ ਪੈਸੇ ਵਾਲੇ ਰਿਟਾਇਰ ਹੋਏ ਲੋਕ ਹਨ । ਵਪਾਰੀ ਲੋਕ ਉਹ ਹਨ ਜਿਹਨਾਂ ਨੇ ਆਪਣਾ ਵਪਾਰ ਖਰੀਦਣਾ ਜਾਂ ਸਥਾਪਤ ਕਰਨਾ ਹੋਵੇ ਅਤੇ ਘੱਟੋ ਘੱਟ ਇਕ ਕੈਨੇਡੀਅਨ ਨੂੰ ਨੌਕਰੀ ਦੇਵੇ । ਇਨਵੈਸਟਰ (ਪੈਸਾ ਲਾਊਣ ਵਾਲਾ) ਲਈ ਜ਼ਰੂਰੀ ਹੈ ਕਿ ਉਹ ਘੱਟੋ ਘੱਟ ਤਿੰਨ ਸਾਲਾਂ ਲਈ 250,000 ਲਾਵੇ ਅਤੇ ਉਹ ਪੰਜ ਲੱਖ ਡਾਲਰ ਦੀ ਕੀਮਤ ਦਾ ਜ਼ਰੂਰ ਹੋਵੇ । (ਇਹ ਸ਼ਰਤਾਂ ਸਮੇਂ ਸਮੇਂ ਬਦਲਦੀਆਂ ਰਹਿੰਦੀਆਂ ਹਨ) । ਆਪਣੇ ਘਰ ਦਾ ਕੰਮ ਵਾਲਾ ਤੋਂ ਭਾਵ ਹੈ ਉਹ ਵਿਅਕਤੀ ਜੋ ਆਰਥਕ, ਸਭਿਆਚਾਰਕ ਅਤੇ ਕਲਾ ਦੇ ਤੌਰ ਤੇ ਉਘਾ ਹਿੱਸਾ ਪਾ ਸਕਦਾ ਹੋਵੇ ।

ਅਸਿਸਟਿਡ ਰਿਸ਼ਤੇਦਾਰ ਤੇ ਹੋਰ ਆਜ਼ਾਦ ਇਮੀਗਰੈਂਟ ਪੁਆਇੰਟ (ਨੰਬਰ) ਸਿਸਟਮ ਅਧੀਨ ਆਉਂਦੇ ਹਨ । ਕੁਲ ਇਕ ਸੌ ਵਿਚੋਂ 70 ਨੰਬਰ ਲੈਣੇ ਜ਼ਰੂਰੀ ਹਨ । ਸਹਾਇਤਾ ਯੋਗ ਰਿਸ਼ਤੇਦਾਰ ਉਹ ਹਨ ਜਿਹੜੇ ਫੈਮਿਲੀ ਕਲਾਸ ਵਿਚ ਨਹੀਂ ਅਤੇ ਆਪਣੇ ਆਪ ਪਾਸ ਹੋਣ (ਸੱਤਰ ਨੰਬਰ ਲੈਣ) ਦੇ ਯੋਗ ਨਹੀਂ । ਪਰ ਜੇ ਇਧਰੋਂ ਕਰੀਬੀ ਰਿਸ਼ਤੇਦਾਰ 5 ਸਾਲਾਂ ਲਈ ਜ਼ਿੰਮੇਂਵਾਰੀ ਲੈਣ ਦਾ ਪੱਤਰ ਭਾਰਤ ਜਾਂ ਹੋਰ ਥਾਂ ਰਹਿੰਦੇ ਰਿਸ਼ਤੇਦਾਰ ਨੂੰ ਅਰਜ਼ੀ ਦੇਣ ਸਮੇਂ ਲਈ ਭੇਜ ਦੇਵੇ ਤਾਂ ਉਸ ਦੇ ਵੱਧ ਤੋਂ ਵੱਧ 15 ਨੰਬਰ ਹਨ । ਇਸ ਸੋਧ ਤੋਂ ਪਹਿਲਾਂ ਰਿਸ਼ਤੇਦਾਰ ਦੇ 10 ਨੰਬਰ ਹੁੰਦੇ ਸਨ । ਸੋ ਹੁਣ ਪੰਜ ਹੀ ਵਧਾਏ ਹਨ । ਅਸਿਸਟਿਡ ਰਿਸ਼ਤੇਦਾਰਾਂ ਵਿਚ ਭੈਣ, ਭਾਈ; ਭਤੀਜਾ/ਭਾਣਜਾ ਜਾਂ ਭਤੀਜੀ ਭਾਣਜੀ ; ਪੋਤਾ/ਦੋਹਤਾ ਜਾਂ ਪੋਤੀ/ਦੋਹਤੀ ; ਚਾਚਾ/ਤਾਇਆ/ਫੁਫੜ/ਮਾਮਾ/ਮਾਸੜ ਜਾਂ ਚਾਚੀ/ਤਾਈ/ਭੂਆ/ਮਾਮੀ ਅਤੇ ਮਾਸੀ ਆਉਂਦੇ ਹਨ । ਇਹਨਾਂ ਰਿਸ਼ਤੇਦਾਰਾਂ ਨੂੰ ਇਧਰੋਂ ਭੇਜੀ ਜ਼ਿਮੇਂਵਾਰੀ/ਕਾਗਜ਼ ਦੇ ਵਧੋ ਵੱਧ ਪੰਦਰਾਂ ਨੰਬਰ ਮਿਲ ਸਕਦੇ ਹਨ । ਪਰ ਬਾਕੀ ਦੇ ਪਚਵੰਜਾ ਜਾਂ ਕੁਝ ਵੱਧ ਨੰਬਰ ਉਹਨਾਂ ਰਿਸ਼ਤੇਦਾਰਾਂ ਨੂੰ ਆਪ ਲੈਣੇ ਪੈਣਗੇ । ਇਹਨਾਂ ਨੰਬਰਾਂ ਲਈ ਦਸ ਕਿਸਮਾਂ ਹਨ । ਵਿਦਿਆ ਦੇ ਵੱਧੋ ਵੱਧ 12 ; ਖਾਸ ਕਿੱਤੇ ਦੀ ਤਿਆਰੀ ਦੇ 15 ; ਤਜਰਬਾ ਦੇ 8 ; ਕਿੱਤਾ/ਪੇਸ਼ਾ ਦੇ 10 ; ਨੌਕਰੀ ਦਾ ਪਹਿਲਾਂ ਕੀਤਾ ਪ੍ਰਬੰਧ ਦੇ 10 ; ਉਮਰ ਦੇ ਵੱਧੋ ਵੱਧ 10 (21 ਸਾਲ ਤੋਂ 44 ਸਾਲ ਦੀ ਉਮਰ ਤਕ ਪਰ ਜੇ 21 ਸਾਲ ਤੋਂ ਘੱਟ ਹੈ ਜਾਂ 44 ਸਾਲ ਤੋਂ ਉਪਰ ਹੈ ਤਾਂ ਹਰ ਵੱਧ/ਘੱਟ ਸਾਲ ਦੇ ਹਰ ਸਾਲ ਪਿਛੇ ਦੋ ਦੋ ਨੰਬਰ ਕੱਟੇ ਜਾਣਗੇ ); ਅੰਗਰੇਜ਼ੀ ਤੇ ਫਰਾਂਸੀਸੀ ਜ਼ਬਾਨ ਦੇ ਵੱਧੋ ਵੱਧ 15; ਸ਼ਖਸ਼ੀਆਂ ਦੇ 10 ; ਕੰਟਰੋਲ ਲੈਵਲ 10 ਅਤੇ ਰਿਸ਼ਤੇਦਾਰ ਦੇ 15 । ਇਹਨਾਂ ਰਿਸ਼ਤੇਦਾਰਾਂ ਨੇ ਆਪਣੇ ਆਪ ਆਪਣੇ ਦੇਸ਼ ਵਿਚ ਕੈਨੇਡੀਅਨ ਇਮੀਗਰੇਸ਼ਨ ਦਫਤਰ ਵਿਚ ਅਰਜ਼ੀ ਦੇਣੀ ਹੋਵੇਗੀ ਜਿਸ ਨਾਲ ਕੈਨੇਡਾ ਵਿਚ ਰਹਿੰਦੇ ਰਿਸ਼ਤੇਦਾਰੀ ਵਲੋਂ ਪੰਜ ਸਾਲਾਂ ਲਈ ਜ਼ਿੰਮੇਂਵਾਰੀ ਤੇ ਰਿਸ਼ਤੇਦਾਰੀ ਵਾਲਾ ਪੱਤਰ ।

**ਅਸਿਸਟਿਡ ਰਿਸ਼ਤੇਦਾਰ ਅਤੇ ਨੰਬਰਾਂ ਦੇ ਸੰਬੰਧ ਵਿਚ ਕੈਨੇਡੀਅਨ ਇਮੀਗਰੇਸ਼ਨ ਵਾਲੇ ਅਰਜ਼ੀ ਹੀ ਨਹੀਂ ਲੈਣਗੇ (ਜਾਂ ਆਖੋ ਅਰਜ਼ੀ ਰੱਦ ਹੋ ਜਾਵੇਗੀ) ਜੇਕਰ ਇਮੀਗਰੇਸ਼ਨ ਲਈ ਅਰਜ਼ੀ ਦੇਣ ਵਾਲੇ ਦਾ ਕਿੱਤਾ/ਪੇਸ਼ਾ ਉਹ ਹੈ ਜਿਸ ਦੀ ਕੈਨੇਡਾ ਵਿਚ ਲੋੜ ਨਹੀਂ ਜਾਂ ਬਹੁਤ ਘੱਟ ਲੋੜ ਹੈ । ਇਹ ਕੇਂਦਰੀ ਤੇ ਬੁਨਿਆਦੀ ਨੁਕਤਾ ਹੈ । ਕਿੱਤਾ/ਪੇਸ਼ਾ ਦੇ ਸਿਫਰ ਤੋਂ ਦਸ ਨੰਬਰਾਂ ਤੱਕ ਹਨ । ਸੋ ਜੇ ਆਉਂਦਾ ਜਾਂ ਕਰਦੇ ਕਿੱਤੇ/ਕੰਮ ਕਾਰ ਦੀ ਲੋੜ ਨਹੀਂ ਤਾਂ ਸਿਫਰ ਨੰਬਰ ਮਿਲੇਗਾ । ਸੋ ਜੇਕਰ ਸਿਫਰ ਨੰਬਰ ਮਿਲਦਾ ਹੈ ਤਾਂ ਆਪਣੇ ਆਪ ਅਰਜ਼ੀ ਰੱਦ ਹੋ ਜਾਏ (ਜਾਂ ਕੀਤੀ ਜਾਏਗੀ) । ਬਾਕੀਆਂ ਵਿਚੋਂ ਭਾਵੇਂ ਸੱਤਰ ਤੋਂ ਉਪਰ ਭੀ ਨੰਬਰ ਬਣਦੇ ਹੋਣ ਪਰ ਜੇ ਇਸ ਵਿਚੋਂ ਸਿਫਰ ਹੈ ਅਰਜ਼ੀ ਰੱਦ ਹੋ ਜਾਏਗੀ । ਇਸ ਮਸਲੇ ਤੇ ਕੋਈ ਏਜੰਟ ਜਾਂ ਵਕੀਲ** ਆਦਿ ਕੁਝ ਨਹੀਂ ਕਰ ਸਕਦੇ । ਇਸ ਹੀ ਕਰਕੇ ਮੈਂ ਆਰੰਭ ਵਿਚ ਹੀ ਆਖਿਆ ਸੀ ਕਿ ਏਜੰਟਾਂ ਆਦਿ ਤੋਂ ਬਚੋ । ਫਜ਼ੂਲ ਪੈਸੇ ਨਾ ਦਿਉ । ਏਜੰਟ ਆਦਿ


**FLAG**

CHEVROLET OLDSMOBILE LTD.

**15250 - 104th. AVENUE, SURREY, B.C.**
**CANADA V3R 6N8**

ਨਵੀਂ ਕਾਰ ਲੈਣ ਦੀ ਸੋਚ ਰਹੇ ਹੋ, ਤਾਂ ਹੋਰ ਬਹੁਤ ਦੇਰ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ । ਆਪਣੇ ਇਲਾਕੇ ਵਿਚੋਂ ਸਭ ਤੋਂ ਸਸਤੀ ਕੀਮਤ ਅਤੇ ਹੋਰ

**TEL. (604)584-7411**

**OR 645-3597 (Pager)**

ਹਰ ਪ੍ਰਕਾਰ ਦੀਆਂ ਪੁਰਾਣੀਆਂ ਕਾਰਾਂ ਬੇਸ਼ੁਮਾਰ ਗਿਣਤੀ ਵਿਚ ਪੁੱਜ ਗਈਆਂ ਹਨ ।

ਤੁਹਾਡੀ ਪਸੰਦ ਦੀ ਵਧੀਆ ਕਾਰ ਤੁਹਾਡੇ ਮਨ ਦੀ ਕੀਮਤ ਅਨੁਸਾਰ ਵੀ ਮਿਲ ਸਕਦੀ ਹੈ । ਮੌਕੇ ਤੋਂ ਲਾਭ ਉਠਾਓ । ਅਸੀਂ ਸੇਵਾ ਲਈ ਹਾਜ਼ਰ ਹਾਂ ।



**TOP SALESMAN AWARD WINNER 1987**

ਆਖ ਸਕਦੇ ਹਨ ਕਿ ਉਹਨਾਂ ਨੂੰ ਪਤਾ ਹੈ ਕਿ ਕਿਹੜੇ ਕਿੱਤੇ ਦੀ ਕੈਨੇਡਾ ਵਿਚ ਲੋੜ ਹੈ ਅਤੇ ਕਿਹੜਾ ਭਰਨਾ ਹੈ ਤਾਂਕਿ ਅਰਜ਼ੀ ਰੱਦ ਨਾ ਹੋਵੇ। ਪਹਿਲੀ ਗੱਲ ਇਹ ਕਿ ਕੈਨੇਡੀਅਨ ਅਮਬੈਸੀ ਦੇ ਇਮੀਗਰੇਸ਼ਨ ਵਾਲੇ ਉਸ ਭਰੇ ਕਿੱਤੇ ਬਾਰੇ ਵਿਸਥਾਰ ਨਾਲ ਪੁਛਣਗੇ ਜਿਸ ਤੋਂ ਪਤਾ ਲਗ ਜਾਏਗਾ ਕਿ ਇਹ ਸੱਚ ਹੈ ਕਿ ਨਹੀਂ। ਦੂਜੇ ਕਿ ਕਿਹੜੇ ਕਿੱਤੇ/ਕੰਮ ਦੀ ਕੈਨੇਡਾ ਵਿਚ ਲੋੜ ਹੈ, ਉਸ ਬਾਰੇ ਹਰ ਤਿੰਨ ਮਹੀਨੇ ਪਿਛੋਂ ਲਿਸਟਾਂ ਛਪਦੀਆਂ ਹਨ। ਇਹਨਾਂ ਵਿਚ ਬਦਲੀ ਹੁੰਦੀ ਰਹਿੰਦੀ ਹੈ। ਇਹ ਲਿਸਟਾਂ ਕੈਨੇਡਾ ਦੇ ਰੀਜਨਲ ਇਮੀਗਰੇਸ਼ਨ ਦਫਤਰ ਤੋਂ ਮਿਲ ਸਕਦੀ ਹੈ। ਸੋ ਤੁਹਾਨੂੰ ਕਿਸੇ ਏਜੰਟ ਰਾਹੀਂ ਪਤਾ ਲਾਉਣ ਦੀ ਲੋੜ ਨਹੀਂ। ਇਮੀਗਰੇਸ਼ਨ ਵਾਲੇ ਤਾਂ ਕਈ ਵਾਰੀ ਮੁਫਤ ਹੀ ਭੇਜ ਦਿੰਦੇ ਹਨ ਜਾਂ ਤੁਸੀਂ ਉਹਨਾਂ ਤੋਂ ਵੇਖ ਸਕਦੇ ਹੋ।

ਕਿੱਤਿਆਂ ਦੀ ਸ਼ਨਾਖਤ ਜਾਂ ਨਾਮ (ਕੋਡ) ਕੈਨੇਡੀਅਨ ਕਲਾਸੀਫੀਕੇਸ਼ਨ ਐਂਡ ਡਿਕਸ਼ਨਰੀ ਔਫ ਔਕੀਊਪੇਸ਼ਨਜ਼ (ਕੈਨੇਡਾ ਦੀ ਕਿਤਿਆਂ ਬਾਰੇ ਡਿਕਸ਼ਨਰੀ ਅਤੇ ਵਰਗੀਕਰਣ) ਦੇ ਆਧਾਰ ਤੇ ਹੈ ਅਤੇ ਇਹਨਾਂ ਕਿੱਤਿਆਂ ਦੇ

ਅਗੇ ਚਾਰ ਹਿੰਦਸੇ ਹੁੰਦੇ ਹਨ। ਇਹ ਕਾਫੀ ਵੱਡੀ ਕਿਤਾਬ ਹੈ। ਕੈਨੇਡੀਅਨ ਇਮੀਗਰੇਸ਼ਨ ਵਾਲੇ ਆਪਣੇ ਮੈਨੂਅਲ ਵਿਚ ਕਿੱਤਿਆਂ ਬਾਰੇ ਚਾਰ ਹਿੰਦਸਿਆਂ ਦਾ ਕੋਡ, ਉਸ ਦੇ ਅਗੇ ਕਿੱਤਿਆਂ ਦੇ ਨਾਮ ਅਤੇ ਉਸ ਅੱਗੇ ਉਸ ਕਿੱਤੇ ਨੂੰ ਦਿੱਤੇ ਹੋਏ (ਇਮੀਗਰੇਸ਼ਨ ਲਈ) ਨੰਬਰ ਹੁੰਦੇ ਹਨ। ਇਮੀਗਰੇਸ਼ਨ ਲਈ ਦਿਤੇ ਨੰਬਰਾਂ ਤੋਂ ਪਤਾ ਲੱਗ ਜਾਂਦਾ ਹੈ ਕਿਸ ਕਿੱਤੇ/ਕੰਮ ਦੀ ਕੈਨੇਡਾ ਵਿਚ ਹੁਣ ਲੋੜ ਹੈ ਜਾਂ ਨਹੀਂ। ਜਿਵੇਂ ਹਾਲ ਦੀ ਘੜੀ —

2141 - ਆਰਕੀਟੈਕਟ - ਇਮੀਗਰੇਸ਼ਨ ਲਈ ਨੰਬਰ—0 (ਭਾਵ ਲੋੜ ਨਹੀਂ - ਅਰਜ਼ੀ ਰੱਦ)

2142 - ਕੈਮੀਕਲ ਇੰਜਨੀਅਰ - ਇਮੀਗਰੇਸ਼ਨ ਲਈ ਨੰਬਰ - 0 (ਭਾਵ ਲੋੜ ਨਹੀਂ - ਅਰਜ਼ੀ ਰੱਦ)

2143 - ਸਿਵੱਲ ਇੰਜਨੀਅਰ - ਇਮੀਗਰੇਸ਼ਨ ਲਈ ਨੰਬਰ - 1 (ਭਾਵ ਲੋੜ ਘੱਟ/ਬਹੁਤ ਘੱਟ ਚਾਨਸ)

2147 - ਮਕੈਨੀਕਲ ਇਜਨੀਅਰ - ਇਮੀਗਰੇਸ਼ਨ ਲਈ ਨੰਬਰ - 0 (ਭਾਵ ਲੋੜ ਨਹੀਂ ਅਰਜ਼ੀ ਰੱਦ)

2315 - ਸਾਈਕੋਲੋਜਿਸਟ - ਇਮੀਗਰੇਸ਼ਨ ਲਈ ਨੰਬਰ - 8 (ਭਾਵ ਚਾਨਸ ਹੈ ਜੇ ਬਾਕੀ ਸਭ ਠੀਕ ਹੈ)।

ਅੱਜ ਕੱਲ੍ਹ ਅੱਗ ਬੁਝਾਉਣ ਦੇ ਕਿੱਤੇ, ਪ੍ਰਿੰਟਿੰਗ ਪ੍ਰੈਸ ਦੇ ਕੰਮ, ਬਰੌਡਕਾਸਟਿੰਗ ਅਤੇ ਨੁਕਲੀਅਰ ਇੰਜਨੀਅਰ ਆਦਿ ਦੇ ਦਸ ਨੰਬਰ ਹਨ। ਦਰਜੀ ਅਤੇ ਹਵਾਈ ਪਾਈਲਟ ਦੇ ਪੰਜ ਪੰਜ ਨੰਬਰ ਹਨ। ਸੋ ਕਿੱਤਿਆਂ ਨੂੰ ਹਿੱਸਿਆਂ ਵਿਚ ਵੰਡਿਆ ਹੋਇਆ ਹੈ ਅਤੇ ਫਿਰ ਨੰਬਰ ਦਿੱਤੇ ਹੋਏ ਹਨ। ਉਹ ਲਿਸਟਾਂ ਕੈਨੇਡੀਅਨ ਇਮੀਗਰੇਸ਼ਨ ਦਫਤਰਾਂ ਜਿਵੇਂ ਦਿੱਲੀ ਵਿਚ/ਜਦੋਂ ਸਮੇਂ ਸਮੇਂ ਜਾਂ ਹਰ ਤਿੰਨ ਚਾਰ ਮਹੀਨੇ ਪਿਛੋਂ ਜੇ ਕੋਈ ਬਦਲੀ ਹੈ ਜਾਂ ਲੋੜ ਵਧੀ ਘਟੀ ਤੇ ਨੰਬਰ ਬਦਲੇ ਹਨ ਤਾਂ ਉਹ ਲਿਸਟਾਂ ਇਕ ਦਮ ਬਦੇਸ਼ੀ ਦੂਤਖਾਨਿਆਂ ਤੇ ਇਮੀਗਰੇਸ਼ਨ ਦਫਤਰਾਂ ਵਿਚ ਪੁੱਜ ਜਾਂਦੀਆਂ ਹਨ। ਕੈਨੇਡਾ ਵਿਚ ਕਿੱਤਿਆਂ ਦੀ ਲੋੜ ਅਤੇ ਦਿੱਤੇ ਨੰਬਰਾਂ ਦਾ ਉਹਨਾਂ ਕਿੱਤਿਆਂ ਵਿਚ ਬੇਰੁਜ਼ਗਾਰੀ ਗਿਣਤੀ (ਫੀਸਦੀ) ਦਾ ਸੰਬੰਧ ਹੈ। ਜੇ ਕਰ ਕਿਸੇ ਕਿੱਤੇ ਵਿਚ ਲੋਕਾਂ ਦੀ ਬਹੁਤਾਤ ਹੈ ਤਾਂ ਉਸ ਨੂੰ "ਚਾਹੀਦੇ ਕਿੱਤੇ ਤੇ ਨੰਬਰ" ਦੀ ਲਿਸਟ ਵਿਚੋਂ ਹੀ ਕੱਢ ਦਿੱਤਾ ਜਾਂਦਾ ਹੈ। ਭਾਵ ਲੋੜ ਹੀ ਨਹੀਂ। ਕਿੱਤਿਆਂ ਤੇ ਉਹਨਾਂ ਨੂੰ ਦਿੱਤੇ ਨੰਬਰਾਂ ਨੂੰ ਹਰ ਤਿੰਨ ਮਹੀਨੇ ਪਿਛੋਂ ਰੀਵੀਊ ਕੀਤਾ ਜਾਂਦਾ ਹੈ ਅਤੇ ਲੋੜ ਅਨੁਸਾਰ ਸੋਧਿਆ ਜਾਂਦਾ ਹੈ।

ਸੋ ਮੋਟੇ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਕਦੇ ਭੀ ਨਾ ਵਿਆਹੇ ਪੁੱਤਰ/ਧੀ ਦੀ ਇੱਕੀ ਸਾਲ ਦੀ ਉਮਰ ਦੀ ਹੱਦ ਖਤਮ ਕਰ ਦਿੱਤੀ ਹੈ ਅਤੇ ਦੂਜੇ ਅਸਿਸਟਿਡ ਰਿਸ਼ਤੇਦਾਰ ਲਈ ਦਸ ਨੰਬਰਾਂ ਤੋਂ ਵਧਾ ਕੇ ਪੰਦਰਾਂ ਕੀਤੇ ਹਨ। ਇਸ ਕੈਟੇਗਰੀ ਦਾ ਅਸਲੀ ਧੁਰਾ ਤਾਂ ਲੋੜੀਂਦੇ ਕਿੱਤੇ ਦੀ ਹੈ। ਇਸ ਵਿਚ ਸਾਡੇ ਲੋਕਾਂ ਦਾ ਬਹੁਤ ਘੱਟ ਚਾਨਸ ਹੈ। ਪਰ ਜੇ ਕਿਸੇ ਨੂੰ ਲਾਭ ਹੁੰਦਾ ਹੈ ਤਾਂ ਵਧੀਆ ਗੱਲ ਹੈ। ਇਸ ਹੀ ਕਰਕੇ ਮੈਂ ਵਿਸਥਾਰ ਨਾਲ ਲਿਖਿਆ ਹੈ। ਇਹ ਸਾਰੀ ਵਿਧੀ ਬਹੁਤ ਸਰਲ ਅਤੇ ਸਿੱਧੀ ਹੈ। ਐਵੇਂ ਹੋਰ ਥਾਵੀਂ ਫਜ਼ੂਲ ਪੈਸੇ ਖਰਚਣ ਦੀ ਲੋੜ ਨਹੀਂ। ਜਿਵੇਂ ਮੈਂ ਵਿਧੀ ਦੱਸੀ ਹੈ ਉਵੇਂ ਹੀ ਕਰਨ ਦੀ ਲੋੜ ਹੈ। ਜੇ ਲੋੜ ਹੋਵੇ ਤਾਂ ਇਸ ਕੁਆਰਟਰ ਲਈ ਲੋੜੀਂਦੇ ਕਿੱਤਿਆਂ ਤੇ ਉਹਨਾਂ ਦੇ ਨੰਬਰਾਂ ਦੀ ਲਿਸਟ ਸਾਡੇ ਪਾਸ ਹੈ। ਤੁਸੀਂ ਵੇਖ ਸਕਦੇ ਹੋ।

---

# ਬੋਲ ਸੂਰਜਾ ਬੋਲ

*ਕੰਵਰ ਇਮਤਿਆਜ਼*

(ਨਵੇਂ ਵਰ੍ਹੇ ਦੇ ਨਾਂ......)
ਬੋਲ ਸੂਰਜਾ ਬੋਲ
ਸਾਡੀ ਕਿਉਂ ਨੇ ਰੰਗੀ ਧੁੱਪੜੀ
ਰਹਿਣੇ ਕਿਸ ਦੇ ਕੋਲ
ਬੋਲ ਸੂਰਜਾ ਬੋਲ

—

ਚਿਰ ਹੋਇਆ ਸਾਡੇ ਗੀਤ ਗੁਆਚੇ
ਮੁੜ ਕੇ ਨਹੀਂ ਥਿਆਏ
ਚਿਰ ਹੋਇਆ ਰਾਹਾਂ ਦੇ ਪਾਂਧੀ
ਮੁੜ ਘਰਾਂ ਨਹੀਂ ਆਏ
ਇਹਨਾਂ ਰਾਹਾਂ ਨੇ ਵਿਹੜਿਆਂ
ਦਿਤਾ ਅਸਾਨੂੰ ਰੋਲ
ਬੋਲ ਸੂਰਜਾ ਬੋਲ

—

ਹੁਣ ਨਾ ਚੰਗੀਆਂ ਲੱਗਣ ਸਾਨੂੰ
ਚੰਨ-ਚਾਨਣੀਆਂ ਰਾਤਾਂ
ਪੌਣਾਂ ਦੀ ਸਾਜ਼ਿਸ਼ ਨੇ ਸਾਥੋਂ
ਖੋਹ ਲਈਆਂ ਪ੍ਰਭਾਤਾਂ
ਹੁਣ ਤਾਂ ਸਤਲੁਜ ਦਾ ਹੀ ਪਾਣੀ
ਲੁੱਟ ਲੈਂਦਾ ਹੈ ਬੋਹਲ
ਬੋਲ ਸੂਰਜਾ ਬੋਲ

ਕਈ ਵਰ੍ਹਿਆਂ ਤੋਂ ਪੜ੍ਹਦੇ ਆਏ
ਸਿਸਕਦੀਆਂ ਅਖਬਾਰਾਂ
ਹੀਰ ਸਲੇਟੀ, ਰਾਂਝਣ ਹੱਥੋਂ
ਖੋਹ ਲਈ ਹੈ 'ਸਰਦਾਰਾਂ'
ਨਾਲੇ ਧੀਏ, ਨਾਲੇ ਵੰਝਲੀ
ਲੁੱਟੇ ਗਏ ਅਣਬੋਲ
ਬੋਲ ਸੂਰਜਾ ਬੋਲ

—

ਹਾੜਾ ਵੇ, ਕੋਈ ਵਰ੍ਹੇ ਦੁਆਰਾ
ਸਾਲ ਅਜਿਹਾ ਆਵੇ
ਦਿਲ ਦੀ ਹਰ ਇਕ ਕਾਲੀ ਨੁੱਕਰ
ਚਾਨਣ ਹੀ ਬਣ ਜਾਵੇ
ਸਮਿਆਂ ਦੀ ਸਰਦਲ ਤੇ ਲਿਖੀਏ
ਮੋਹ ਭਿੱਜੜੇ ਦੋ ਬੋਲ
ਬੋਲ ਸੂਰਜਾ ਬੋਲ

—

ਸਾਡੀ ਕਿਉਂ ਨੇ ਰੰਗੀ ਧੁੱਪੜੀ
ਰਹਿਣੇ ਕਿਸਦੇ ਕੋਲ
ਬੋਲ ਸੂਰਜਾ ਬੋਲ

—

# ਆਹ ! ਕਾ: ਪਿਆਰਾ ਸਿੰਘ ਬਾਸੀ



ਖੱਬੇ ਤੋਂ ਸੱਜੇ — ਮਰਹੂਮ ਕਾ: ਪਿਆਰਾ ਸਿੰਘ ਬਾਸੀ, ਕਾ: ਹਰਕਿਸ਼ਨ ਸਿੰਘ ਸੁਰਜੀਤ, ਸੀ. ਪੀ. (ਮ) ਜਨਰਲ ਸਕੱਤਰ ਕਾ: ਨੰਬੂਦਰੀਪਾਦ, ਕਾ: ਵਾਸਵਾ ਪੁੰਨਈਆ, ਪੱਛਮੀ ਬੰਗਾਲ ਦੇ ਮੁਖ ਮੰਤਰੀ ਕਾ: ਜੋਤੀ ਬਾਸੂ ਅਤੇ ਇਕ ਹੋਰ ਕੇਂਦਰੀ ਕਮੇਟੀ ਦਾ ਮੈਂਬਰ।

(ਇਹ ਫੋਟੋ ਸੀ. ਪੀ. ਆਈ. (ਮ) ਦੀ 12ਵੀਂ ਪਾਰਟੀ ਕਾਂਗਰਸ ਸਮੇਂ ਕਲਕੱਤਾ ਸਮੇਂ ਦੀ ਹੈ

## ਸਾਥੀ ਪਿਆਰਾ ਸਿੰਘ ਬਾਸੀ (ਕੈਨੇਡਾ) ਦੀ

# ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਪੰਜਾਬ ਇਕਾਈ ਦੇ ਸਕੱਤਰ ਕਾਮਰੇਡ ਗੁਰਚਰਨ ਸਿੰਘ ਰੰਧਾਵਾ ਅਤੇ ਐਸੋਸੀਏਸ਼ਨ ਆਫ ਇੰਡੀਅਨ ਕਮਿਊਨਿਸਟਸ ਇੰਗਲੈਂਡ ਦੇ ਸਕੱਤਰ ਸਾਥੀ ਪ੍ਰੇਮ ਸਿੰਘ ਨੇ ਸਾਥੀ ਪਿਆਰਾ ਸਿੰਘ ਬਾਸੀ ਸਰੀ ਕੈਨੇਡਾ ਦੀ ਪਿਛਲੇ ਦਿਨੀਂ ਦਿਲ ਦਾ ਦੌਰਾ ਪੈਣ ਕਾਰਨ ਬੇਵਕਤ ਮੌਤ ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਸਾਥੀ ਬਾਸੀ ਇੰਗਲੈਂਡ ਵਿਚ ਪਹਿਲਾਂ ਐਸੋਸੀਏਸ਼ਨ ਆਫ ਇੰਡੀਅਨ ਕਮਿਊਨਿਸਟ ਦੇ ਬੜੇ ਸਰਗਰਮ ਵਰਕਰ ਸਨ ਉਸ ਤੋਂ ਬਾਅਦ ਉਹ ਕਨੇਡਾ ਚਲੇ ਗਏ ਤੇ ਉਥੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਮੋਢੀਆਂ ਵਿਚੋਂ ਸਨ। ਉਹਨਾਂ ਦੀ ਮਿਹਨਤ ਸਦਕਾ ਕੈਨੇਡਾ ਵਿਚ ਈਸਟ ਇੰਡੀਅਨ ਵਰਕਰ ਐਸੋਸੀਏਸ਼ਨ ਪ੍ਰਭਾਵਸ਼ਾਲੀ ਜਥੇਬੰਦੀ ਦੇ ਰੂਪ ਵਿਚ ਉਭਰੀ। ਕਲਕੱਤਾ ਪਾਰਟੀ ਕਾਂਗਰਸ ਸਮੇਂ ਉਹ ਭਰਾਤਰੀ ਡੈਲੀਗੇਟ ਦੇ ਤੌਰ ਤੇ ਪਾਰਟੀ ਕਾਂਗਰਸ ਵਿਚ ਸ਼ਾਮਲ ਹੋਏ।

ਸਾਥੀ ਬਾਸੀ ਦੂਸਰੀਆਂ ਮਜ਼ਦੂਰ ਯੂਨੀਅਨਾਂ ਨਾਲ ਰਲਕੇ ਲਗਾਤਾਰ ਨਸਲ ਪ੍ਰਸਤੀ ਵਿਰੁੱਧ ਸੰਘਰਸ਼ ਕਰਦੇ ਰਹੇ। ਉਹਨਾਂ ਦੀ ਬੇਵਕਤ ਮੌਤ ਨਾਲ ਕੈਨੇਡਾ ਵਿਚ ਲਹਿਰ ਨੂੰ ਬੜਾ ਭਾਰੀ ਧਕਾ ਲਗਾ ਹੈ।

ਅਸੀਂ ਉਹਨਾਂ ਦੇ ਦੁਖੀ ਪ੍ਰੀਵਾਰ ਦੇ ਦੁਖ ਵਿਚ ਸ਼ਰੀਕ ਹੁੰਦੇ ਹੋਇਆਂ ਉਹਨਾਂ ਦੇ ਪ੍ਰਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ।

ਉਹਨਾਂ ਦੀ ਉਮਰ ਤਾਲੇ 60 ਸਾਲ ਦੇ ਕਰੀਬ ਹੀ ਸੀ। ਉਹ ਆਪਣੇ ਪਿਛੇ ਆਪਣੀ ਪਤਨੀ ਅਤੇ ਦੋ ਬੱਚੇ ਛਡ ਗਏ ਹਨ।


**TRU FOODS DISTRIBUTORS LTD.**

**Specializing in Health Foods**

**Vitamins ■ Herbs and all East Indian Foods**

PROPRITER **Mander Brothers**

Tele.(604) **584-7011**

10705 — King George Hwy Surrey, B.C. V3T 2X6 ● 10053 — 136 A St. Surrey, B.C. V3T 4G1



ਸੀ. ਪੀ. ਆਈ. (ਮ) ਦੀ 12ਵੀਂ ਪਾਰਟੀ ਕਾਂਗਰਸ ਵਿਚ ਪੰਜਾਬ ਪਾਰਟੀ ਦੇ ਡੈਲੀਗੇਟ (ਦਸੰਬਰ 1985) ਕਾ· ਬਾਸੀ

# ਕਾ: ਸੁਰਜੀਤ ਵਲੋਂ ਸ਼ਰਧਾਂਜਲੀ

ਨਵੀਂ ਦਿੱਲੀ — ਫੂਨ ਰਾਹੀਂ ਖਬਰ ਮਿਲੀ ਹੈ ਕਿ ਜਦੋਂ ਮਾਰਕਸੀ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੂੰ ਕਾ: ਪਿਆਰਾ ਸਿੰਘ ਬਾਸੀ ਦੀ ਦੁਖਦਾਈ ਮੌਤ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਡੂੰਘੇ ਦੁੱਖ ਦਾ ਪ੍ਰਗਟਾ ਕੀਤਾ। ਉਨ੍ਹਾਂ ਕਿਹਾ ਕਿ ਪਿਆਰਾ ਸਿੰਘ ਪਾਰਟੀ ਦਾ ਵਫਾਦਾਰ ਸਿਪਾਹੀ ਸੀ। ਉਹ ਕੈਨੇਡਾ ਵਿਚ ਪਾਰਟੀ ਦੀਆਂ ਨੀਤੀਆਂ ਦਾ ਪਰਚਾਰ ਕਰਨ ਵਾਲੇ ਲੋਕਾਂ ਵਿਚੋਂ ਇਕ ਸੀ। ਸਾਥੀ ਸੁਰਜੀਤ ਨੇ ਉਨ੍ਹਾਂ ਦੇ ਪਰਵਾਰ ਨਾਲ ਇਸ ਦੁਖ ਦੀ ਘੜੀ ਵਿਚ ਡੂੰਘੀ ਹਮਦਰਦੀ ਦਾ ਪ੍ਰਗਟਾ ਕੀਤਾ ਹੈ।

# ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਸ਼ਰਧਾਂਜਲੀ

ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਨੇ ਇਕ ਸਪੈਸ਼ਲ ਮੀਟਿੰਗ ਵਿਚ ਕਾ: ਪਿਆਰਾ ਸਿੰਘ ਬਾਸੀ ਦੇ ਦਿਹਾਂਤ ਹੋ ਜਾਣ ਉਪਰ ਡੂੰਘਾ ਦੁੱਖ ਜ਼ਾਹਰ ਕੀਤਾ ਹੈ।

ਕਾਮਰੇਡ ਪਿਆਰਾ ਸਿੰਘ ਬਾਸੀ, ਐਸੋਸੀਏਸ਼ਨ ਦੀ ਸਥਾਪਨਾ ਕਰਨ ਵਾਲੇ ਮੁਢਲੇ ਮੈਂਬਰਾਂ ਵਿਚੋਂ ਸਨ। ਉਹ ਐਸੋ: ਦੇ ਪਹਿਲੇ ਜਨਰਲ ਸੈਕਟਰੀ ਸਨ। ਫਿਰ ਉਹ ਇਸ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਵੀ ਰਹੇ। ਇਸ ਸਮੇਂ ਉਹ ਇਸ ਦੀ ਸੈਂਟਰਲ ਆਰਗੇਨਾਈਜ਼ੇਸ਼ਨ ਦੀ ਕੌਮੀ ਕਮੇਟੀ ਦੇ ਮੈਂਬਰ ਸਨ।

ਕਾ: ਬਾਸੀ ਨੇ ਐਸੋ: ਦੇ ਹਰ ਪ੍ਰੋਗਰਾਮ ਅਤੇ ਸਮਾਗਮ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਪਿਛਲੇ ਕੁਝ ਸਮੇਂ ਵਿਚ ਐਸੋ: ਵਲੋਂ, ਭਾਰਤ ਨੂੰ ਵੰਡਣ ਦੀ ਸਾਮਰਾਜੀ ਸਾਜ਼ਸ਼ ਦੀ ਖਾਲਿਸਤਾਨੀ ਲਹਿਰ ਦਾ ਡਟ ਕੇ ਵਿਰੋਧ ਕੀਤਾ। ਇਸ ਵਿਰੁਧ ਕੀਤੇ ਜਲਸਿਆਂ ਦਾ ਪ੍ਰਬੰਧ ਕਰਨ ਵਿਚ ਉਹ ਹਮੇਸ਼ਾ ਅਗੇ ਰਹੇ।

ਵੈਨਕੂਵਰ ਵਿਚ ਭਾਰਤੀ ਕਮਿਊਨਿਟੀ ਨੂੰ ਪੇਸ਼ ਬੇਸਮੈਂਟਾਂ ਦੀ ਸਮੱਸਿਆ ਦੇ ਸੰਬੰਧ ਵਿਚ ਐਸੋ: ਵਲੋਂ ਕੀਤੀਆਂ ਸਰਗਰਮੀਆਂ, ਪਬਲਿਕ ਮੀਟਿੰਗਾਂ ਨੂੰ ਜਥੇਬੰਦ ਕਰਨ ਵਿਚ, ਮਿਉਂਸਪਲ ਚੋਣਾਂ ਵਿਚ, ਅਮਨ ਲਹਿਰ ਵਿਚ, ਫਾਰਮ ਵਰਕਰਜ਼ ਯੂਨੀਅਨ ਦੀ ਸਹਾਇਤਾ ਆਦਿ ਲਈ ਉਹ ਸਦਾ ਹੀ ਸਹਿਯੋਗ ਦਿੰਦੇ ਰਹੇ।

ਈ: ਇ: ਵਰਕਰਜ਼ ਐਸੋ: ਆਫ ਕੈਨੇਡਾ ਕਾਮਰੇਡ ਪਿਆਰਾ ਸਿੰਘ ਬਾਸੀ ਦੇ ਸਦੀਵੀ ਵਿਛੋੜੇ ਦੇ ਦੁਖਦਾਈ ਸਮੇਂ ਉਨ੍ਹਾਂ ਦੇ ਪਰਵਾਰ ਅਤੇ ਰਿਸ਼ਤੇਦਾਰਾਂ ਨਾਲ ਦਿਲੋਂ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ। ਅਤੇ ਕਾ: ਬਾਸੀ ਦੀ ਯਾਦ ਵਿਚ ਮਜ਼ਦੂਰ ਜਮਾਤ ਦਾ ਲਾਲ ਝੰਡਾ ਝੁਕਾ ਕੇ ਸ਼ਰਧਾਂਜਲੀ ਭੇਂਟ ਕਰਦੀ ਹੈ।


● ਕਾਰ ਐਕਸੀਡੈਂਟ ਜਾਂ ਐਕਸੀਡੈਂਟ ਕਾਰਨ ਸੱਟਾਂ ਦਾ ਮਸਲਾ ਹੈ

● ਰੀਅਲ ਇਸਟੇਟ ਦਾ ਕੰਮ ਕਰਵਾਉਣਾ ਹੈ ● ਕੰਪਨੀਆਂ ਨੂੰ ਰਜਿਸਟਰਡ ਕਰਵਾਉਣਾ ਹੈ

ਤਾਂ **ਮਹਿਬੂਬ ਪਿਰਾਨੀ** ਬੈਰਿਸਟਰ ਤੇ ਸੌਲਸਿਟਰ ਨੂੰ ਮਿਲੋ

**Beck, Robinson & Co.**

700-686 West Broadway Vancouver,
B.C. V5X 1G6

ਫੋਨ : 874-0204

# ਲੋਕਤਾ ਵਲੋਂ ਸ਼ਰਧਾਂਜਲੀ

ਮਾਸਕ ਲੋਕਤਾ ਦੇ ਪ੍ਰਬੰਧਕੀ ਬੋਰਡ ਨੇ ਇਕ ਐਮਰਜੈਂਸੀ ਮੀਟਿੰਗ ਕਰਕੇ ਕਾ: ਪਿਆਰਾ ਸਿੰਘ ਬਾਸੀ ਦੇ ਦਿਲ ਦਾ ਦੌਰਾ ਪੈਣ ਕਾਰਨ ਹੋਏ ਵਿਛੋੜੇ ਉਪਰ ਡੂੰਘਾ ਦੁੱਖ ਪ੍ਰਗਟ ਕੀਤਾ ਹੈ।

ਬੋਰਡ ਨੇ ਉਨ੍ਹਾਂ ਦੇ ਲੋਕਤਾ ਨੂੰ ਲਗਾਤਾਰ ਜਾਰੀ ਰੱਖਣ ਵਿਚ ਪਾਏ ਵਡਮੁੱਲੇ ਹਿੱਸੇ ਨੂੰ ਨੋਟ ਕਰਦਿਆਂ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਲੋਕਤਾ ਦੇ ਆਰੰਭ ਹੋਣ ਤੋਂ ਲੈ ਕੇ ਹੁਣ ਤੱਕ ਖੁੱਲ੍ਹੇ ਦਿਲ ਨਾਲ ਮਾਇਕ ਸਹਾਇਤਾ ਕੀਤੀ। ਇਹੋ ਹੀ ਨਹੀਂ ਉਨ੍ਹਾਂ ਬਾਹਰ ਦੇ ਸ਼ਹਿਰਾਂ ਤੋਂ ਅਤੇ ਵੈਨਕੂਵਰ ਵਿਚੋਂ ਅਨੇਕਾਂ ਸਨੇਹੀਆਂ ਤੋਂ ਲੋਕਤਾ ਲਈ ਫੰਡ ਇਕੱਠਾ ਕਰਨ ਵਿਚ ਹਮੇਸ਼ਾ ਹੀ ਸਹਿਯੋਗ ਦਿੱਤਾ।

ਉਹ ਲੋਕਤਾ ਦੇ ਪਬਲਿਸ਼ਰ ਦੇ ਤੌਰ ਉਪਰ ਹੁਣ ਲੋਕਤਾ ਦੇ ਪ੍ਰਬੰਧਕੀ ਬੋਰਡ ਦੀਆਂ ਜ਼ਿੰਮੇਂਵਾਰੀਆਂ ਨਿਭਾ ਰਹੇ ਸਨ।

ਲੋਕਤਾ ਬੋਰਡ ਨੂੰ ਆਸ ਹੈ ਕਿ ਉਨ੍ਹਾਂ ਦੇ ਮਿੱਤਰ, ਸਨੇਹੀ ਅਤੇ ਰਿਸ਼ਤੇਦਾਰ ਜਿਹੜੇ ਕਾ: ਬਾਸੀ ਰਾਹੀਂ ਲੋਕਤਾ ਦੀ ਲਗਾਤਾਰ ਮਾਇਕ ਸਹਾਇਤਾ ਕਰਦੇ ਹਨ ਏਸੇ ਤਰ੍ਹਾਂ ਹੀ ਕਰਦੇ ਰਹਿਣਗੇ।

ਲੋਕਤਾ ਬੋਰਡ ਕਾਮਰੇਡ ਬਾਸੀ ਦੇ ਇਸ ਬੇਵਕਤ ਵਿਛੋੜੇ ਉਪਰ ਡੂੰਘਾ ਦੁੱਖ ਮਹਿਸੂਸ ਕਰਦਾ ਹੋਇਆ ਇਹ ਨਿਸਚਾ ਕਰਦਾ ਹੈ ਕਿ ਲੋਕਤਾ ਨੂੰ ਲਗਾਤਾਰ ਜਾਰੀ ਰੱਖਣ ਵਿਚ ਆਪਣੇ ਯਤਨਾਂ ਨੂੰ ਹੋਰ ਵੀ ਸੰਜੀਦਗੀ ਅਤੇ ਜ਼ਿੰਮੇਂਵਾਰੀ ਨਾਲ ਜਾਰੀ ਰੱਖੇਗਾ।

ਲੋਕਤਾ ਬੋਰਡ ਕਾ: ਪਿਆਰਾ ਸਿੰਘ ਬਾਸੀ ਦੇ ਪਰਵਾਰ ਨਾਲ ਉਨ੍ਹਾਂ ਦੇ ਇਸ ਕਦੇ ਨਾ ਪੂਰਾ ਹੋਣ ਵਾਲੇ ਘਾਟੇ ਦੇ ਸਮੇਂ ਦਿਲੋਂ ਹਮਦਰਦੀ ਜ਼ਾਹਰ ਕਰਦਾ ਹੈ ਅਤੇ ਕਾ: ਬਾਸੀ ਦੇ ਲੋਕਤਾ ਨੂੰ ਆਰੰਭ ਕਰਨ ਅਤੇ ਜਾਰੀ ਰੱਖਣ ਵਿਚ ਦਿਤੇ ਹਰ ਸਹਿਯੋਗ ਨੂੰ ਸਤਿਕਾਰ ਨਾਲ ਦੇਖਦਾ ਹੋਇਆ, ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹੈ।

**PUBLISHER**
**Piara Singh Basi**

ਕਾਮਰੇਡ ਪਿਆਰਾ ਸਿੰਘ ਬਾਸੀ ਸਾਡੇ ਕੋਲੋਂ 30 ਨਵੰਬਰ 1988 ਨੂੰ, ਹਮੇਸ਼ਾਂ ਹਮੇਸ਼ਾਂ ਲਈ ਵਿਛੜ ਗਏ। ਉਨ੍ਹਾਂ ਦਾ ਇਹ ਵਿਛੋੜਾ ਦਿਲ ਦੀ ਧੜਕਣ ਬੰਦ ਹੋਣ ਕਾਰਨ ਹੋਇਆ ਹੈ। ਉਨ੍ਹਾਂ ਦੇ ਇਸ ਵਿਛੋੜੇ ਦੀ ਖਬਰ ਸਾਰੇ ਲੋਇਰ ਮੇਨਲੈਂਡ ਵਿਚ ਛੇਤੀ ਹੀ ਫੈਲ ਗਈ।

ਪਿਆਰਾ ਸਿੰਘ ਬਾਸੀ ਦਾ ਜਨਮ 2 ਫਰਵਰੀ 1938 ਨੂੰ ਪਿੰਡ ਬੜਾਲਾ ਜ਼ਿਲਾ ਜਲੰਧਰ ਵਿਖੇ ਹੋਇਆ। ਉਨ੍ਹਾਂ ਆਪਣੀ ਮੁਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤੀ ਕੀਤੀ ਅਤੇ ਫਿਰ ਡੀ. ਏ. ਵੀ. ਕਾਲਜ ਜਲੰਧਰ ਵਿਚ ਵਿਦਿਆ ਪ੍ਰਾਪਤ ਕੀਤੀ। ਉਹ ਆਪਣੇ ਸਕੂਲ ਅਤੇ ਕਾਲਜ ਦੇ ਸਮੇਂ ਵਧੀਆ ਐਥਲੀਟ ਸਨ। ਉਹ ਪੰਜਾਬ ਦੀ ਇੰਟਰ ਯੂਨੀਵਰਸਿਟੀ ਦੀ ਫੁਟਬਾਲ ਟੀਮ ਦੇ ਮੈਂਬਰ ਸਨ।

ਉਨ੍ਹਾਂ ਦਾ ਮੁੱਢ ਤੋਂ ਹੀ ਝੁਕਾ ਅਗੇ ਵਧੂ ਵਿਚਾਰਾਂ ਵੱਲ ਸੀ। ਇਸ ਦਾ ਕਾਰਨ ਉਨ੍ਹਾਂ ਦੇ ਪਿੰਡ ਦਾ ਰਾਜਸੀ ਸਰਗਰਮੀਆਂ ਵਿਚ ਅਹਿਮ ਸਥਾਨ ਸੀ। ਕਮਿਊਨਿਸਟ ਆਗੂ ਅਤੇ ਸੀ. ਪੀ. ਆਈ. (ਮ) ਦੀ ਪੋਲਿਟ ਬੀਊਰੋ ਦੇ ਮੈਂਬਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਉਨ੍ਹਾਂ ਉਪਰ ਮੁੱਢ ਤੋਂ ਹੀ ਪ੍ਰਭਾਵ ਸੀ।

1962 ਵਿਚ ਉਹ ਇੰਗਲੈਂਡ ਆ ਗਏ, ਜਿਥੇ ਬਹੁਤਾ ਸਮਾਂ ਉਹ ਨੌਟੀਂਗਮ' ਵਿਚ ਰਹੇ। ਇਥੇ ਰਹਿੰਦਿਆਂ ਉਨ੍ਹਾਂ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗਰੇਟ ਬ੍ਰਿਟਿਨ) ਵਿਚ ਸਰਗਰਮੀ ਨਾਲ ਕੰਮ ਕੀਤਾ। ਉਸ ਦੇ ਨਾਲ ਹੀ ਉਹ ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ ਦੇ ਮੈਂਬਰ ਵੀ ਰਹੇ। ਉਨ੍ਹਾਂ ਦੇ ਵੱਡੇ ਭਰਾ ਕਰਨੈਲ ਸਿੰਘ ਇੰਗਲੈਂਡ ਵਿਚ ਸੀ. ਪੀ. ਆਈ (ਮ) ਅਤੇ IWA ਦੇ ਸਰਗਰਮ ਮੈਂਬਰ ਹਨ।

ਪਾਰਟੀ ਵਿਚ ਵੰਡ ਪੈਣ ਉਪਰ ਉਹ ਸੀ ਪੀ ਆਈ (ਮ) ਨਾਲ ਆ ਗਏ ਅਤੇ ਫਿਰ ਨਕਸਲਵਾੜੀਆਂ ਦੀ ਵਿਚਾਰਧਾਰਾ ਤੋਂ ਨਿਖੇੜਾ ਕਰਦਿਆਂ, ਉਹ ਮਾਰਕਸੀ ਪਾਰਟੀ ਦੇ ਨਾਲ ਡਟ ਕੇ ਖੜੇ ਰਹੇ। ਜਗਮੋਹਣ ਜੋਸ਼ੀ ਵਰਗੇ ਉਸ ਦੇ ਮਿੱਤਰ ਨਕਸਲੀ ਲਹਿਰ ਵਿਚ ਚਲੇ ਗਏ। ਸੀ. ਪੀ. ਆਈ (ਮ) ਨਾਲ ਉਨ੍ਹਾਂ ਦੀ ਸੁਹਿਰਦਤਾ ਅਤੇ ਪ੍ਰਤੀਬੱਧਤਾ ਕਿਸੇ ਕਿੰਤੂ ਤੋਂ ਰਹਿਤ ਸੀ।

1976 ਵਿਚ ਲੋਕਤਾ ਅਤੇ 1977 ਵਿਚ ਈਸਟ ਇੰਡੀਅਨ ਵਰਕਰਜ਼ ਐਸੋ: ਦੀ ਸਥਾਪਨਾ ਦੇ ਮੋਢੀ ਮੈਂਬਰਾਂ ਵਿਚੋਂ ਸਨ। ਉਨ੍ਹਾਂ ਨੇ ਆਪਣੀਆਂ ਰਾਜਨੀਤਕ ਸਰਗਰਮੀਆਂ ਇਨ੍ਹਾਂ ਦੋਵਾਂ ਅਦਾਰਿਆਂ ਦੇ ਨਾਲ ਜੁੜ ਕੇ ਜਾਰੀ ਰੱਖੀਆਂ।

ਉਹ ਭਾਰਤ ਦੀ ਏਕਤਾ, ਅਤੇ ਅਖੰਡਤਾ ਦੇ ਜਬਰਦਸਤ ਸਮਰਥਕ ਸਨ। ਉਹ ਖਾਲਿਸਤਾਨ ਦੀ ਵੱਖਵਾਦੀ ਵਿਚਾਰਧਾਰਾ ਦੇ ਕੱਟੜ ਵਿਰੋਧੀ ਸਨ। ਉਹ ਮਾਰਕਸੀ ਪਾਰਟੀ ਦੀਆਂ ਨੀਤੀਆਂ ਦੇ ਨਾਲ ਖੜੇ ਸਨ। ਕੈਨੇਡਾ ਵਿਚ ਮਾਰਕਸੀ ਵਿਚਾਰਾਂ ਦੇ ਸਾਥੀਆਂ ਦੇ ਗਰੁੱਪ ਦੇ ਉਹ ਕੇਂਦਰੀ ਜਥੇਬੰਦਕ ਧੁਰੇ ਸਨ।

ਕੈਨੇਡਾ ਵਿਚ ਉਹ ਸਾਥੀਆਂ ਨਾਲ ਮਿਲਕੇ ਸਾਲਾਨਾ ਅਮਨ ਮਾਰਚ ਵਿਚ ਹਰ ਸਾਲ ਪ੍ਰਵਾਰ ਸਮੇਤ ਭਾਗ ਲੈਂਦੇ ਰਹੇ। ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵਿਰੁਧ, ਫਿਲਸਤੀਨੀਆਂ ਦੇ ਸੰਘਰਸ਼ ਦੇ ਸਮਰਥਕਾਂ ਵਿਚ ਅਤੇ ਹਰ ਅਗੇਵਧੂ ਲਹਿਰ ਵਿਚ ਉਨ੍ਹਾਂ ਆਪਣਾ ਹਿਸਾ ਪਾਇਆ। ਉਨ੍ਹਾਂ ਐਸੋਸੀਏਸ਼ਨ ਦੇ ਨਾਲ ਮਿਲ ਕੇ ਵੈਨਕੂਵਰ ਵਿਚ 'ਕੋਪ' ਅਤੇ ਸਰੀ ਵਿਚ 'ਸਰੀ ਕੋਪ' ਦੀ ਮਿਉਂਸਪਲ ਚੋਣਾਂ ਵਿਚ ਹਰ ਸਮੇਂ ਸਰਗਰਮੀ ਨਾਲ ਮੱਦਦ ਕੀਤੀ।

ਉਨ੍ਹਾਂ ਦੀ ਸੁਪਤਨੀ ਬੀਬੀ ਸ਼ਮਿੰਦਰ ਕੌਰ ਬਾਸੀ ਅਤੇ ਉਨ੍ਹਾਂ ਦੇ ਦੋ ਸਪੁੱਤਰ ਬਲਜੀਤ ਸਿੰਘ ਅਤੇ ਨਵਤੇਜ ਸਿੰਘ ਹਨ, ਜੋ ਹਮੇਸ਼ਾਂ ਹੀ ਉਨ੍ਹਾਂ ਦੇ ਨਾਲ ਹਰ ਜਲਸੇ ਜਲੂਸ ਵਿਚ ਜਾਂਦੇ ਰਹੇ ਹਨ।

ਕਾਮਰੇਡ ਬਾਸੀ ਦਾ ਵਿਛੋੜਾ ਅਤੀ ਦੁਖਦਾਈ ਹੈ। ਉਹ ਸਿਰਫ 50 ਵਰ੍ਹਿਆਂ ਦੀ ਉਮਰ ਦੇ ਹੀ ਸਨ।

---

ਪਹਿਲਾਂ ਕਿਸ ਤਰ੍ਹਾਂ ਤਿਆਰ ਹੋ ਗਈ ਅਤੇ ਉਸ ਨੂੰ ਬੰਨ੍ਹਣ ਲਈ ਰੱਸਾ ... ਤਰ੍ਹਾਂ ਪਹਿਲਾਂ ਹੀ ਉਥੇ ਪਹੁੰਚ ਗਿ...

ਪ੍ਰੋ: ਸਾਹਿਬ ਨੂੰ ... ਕਿ ਤੁਸੀਂ ਬਰਨਾਲਾ ਨੂੰ ... ਤਖਤ ਦਾ ਹੁਕਮ ਨਾ ਮੰਨਣ ਕਰਕੇ ਪਹਿਲਾਂ ਸਿੱਖੀ ਚੋਂ ਖਾਰਜ ਕੀਤਾ ਅਤੇ ਹੁਣ ਸਜ਼ਾ ਸੁਣਾਈ ਪਰ ਬਾਬਾ ਜੋਗਿੰਦਰ ਸਿੰਘ ਨੇ ਵੀ ਤੁਹਾਡਾ ਹੁਕਮ ਨਹੀਂ ਮੰਨਿਆ ਤੁਸਾਂ ਉਸ ਵਿਰੋਧੀ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਤਾਂ ਪ੍ਰੋ: ਸਾਹਿਬ ਦਾ ਜਵਾਬ ਸੀ ਕਿ ਉਹ ਰੋਜ਼ ਰੋਜ਼ ਹਰ ਕਿਸੇ ਨੂੰ ਪੰਥ 'ਚੋਂ ਬਾਹਰ ਨਹੀਂ ਕਰ ਸਕਦੇ।

ਇਕ ਪੱਤਰਕਾਰ ਨੇ ਪੁੱਛਿਆ ਕਿ ਤੁਸੀਂ ਬਰਨਾਲਾ ਨੂੰ ਸਜ਼ਾ ਸੁਣਾਉਂਦੇ ਵਕਤ ਕਿਹਾ ਕਿ ਜੋ ਵੀ ਸਿੱਖ ਅਕਾਲ ਤਖਤ ਦਾ ਅਪਮਾਨ ਕਰੇਗਾ ਉਸ ਨੂੰ ਇਸੇ ਤਰ੍ਹਾਂ ਦਾ ਸਾਹਮਣਾ ਕਰਨਾ ਪਵੇਗਾ ਤਾਂ ਜਸਬੀਰ ਸਿੰਘ ਰੋਡੇ ਤੇ ਗੁਰਬਚਨ ਸਿੰਘ ਮਾਨੋਚਾਹਲ ਦਾ ਤੁਸੀਂ ਕੀ ਕਰੋਗੇ ਜੋ ਦੋਨੋਂ ਹੀ ਆਪਣੇ ਆਪ ਨੂੰ ਅਕਾਲ ਤਖਤ ਦੇ ਜਥੇਦਾਰ ਹੀ ਨਹੀਂ ਅਖਵਾਉਂਦੇ ਸਗੋਂ ਤੁਹਾਨੂੰ ਵੀ ਪੰਥ ਦਾ ਗਦਾਰ ਮੰਨਦੇ ਹਨ, ਕੀ ਇਹ ਸਭ ਗੱਲਾਂ ਅਕਾਲ ਤਖਤ ਦਾ ਅਪਮਾਨ ਨਹੀਂ ਹਨ। ਇਸ ਸੰਦਰਭ 'ਚ ਤੁਸੀਂ ਕੀ ਕਹੋਗੇ, ਕੀ ਕਰੋਗੇ? ਰਾਗੀ ਜੀ ਨੇ ਇਸ ਸਵਾਲ ਦਾ ਜਵਾਬ ਤਾਂ ਦਿਤਾ ਪਰ ਢਿੱਲਾ ਜਿਹਾ ਅਤੇ ਗੱਲ ਨਾ ਬਣ ਸਕੀ ਅਤੇ ਆਪਣੇ ਤੇ ਲੱਗੇ ਸੰਗਲੀ ਨੀਤੀ ਦੇ ਆਰੋਪ ਨੂੰ ਦੂਰ ਨਾ ਕਰ ਸਕੇ।

# ਰਾਜੀਵ ਗਾਂਧੀ ਦੀ ਚੀਨ ਫੇਰੀ ਅਤੇ ਭਾਰਤ ਲੋਕ ਚੀਨਦੋਸਤੀ ਦੀ ਮਹੱਤਤਾ

-ਸੁਹੇਲ ਸਿੰਘ-

ਭਾਰਤ ਦੇ ਪਰਧਾਨ ਮੰਤਰੀ ਰਾਜੀਵ ਗਾਂਧੀ 18 ਦਸੰਬਰ ਤੋਂ ਲੋਕ ਚੀਨ ਦੇ ਦੌਰੇ 'ਤੇ ਜਾ ਰਹੇ ਹਨ। ਇਹ ਗਲ ਮੁਬਾਰਕ ਹੀ ਹੈ ਕਿ ਉਹ ਅਪਣੇ ਦੌਰੇ ਸਮੇਂ ਜਿਥੇ ਲੋਕ ਚੀਨ ਦੇ ਆਗੂਆਂ ਨਾਲ ਵੱਖ ਵੱਖ ਸੁਆਲਾਂ ਬਾਰੇ ਵਿਚਾਰ-ਵਟਾਂਦਰਾ ਕਰਨਗੇ ਉਥੇ ਨਾਲ ਹੀ ਨਾਲ ਸਰਹੱਦੀ ਝਗੜੇ ਦੇ ਨਬੇੜੇ ਬਾਰੇ ਵੀ ਗਲਬਾਤ ਹੋਵੇਗੀ ਅਤੇ ਦੋਵੇਂ ਧਿਰਾਂ ਆਪੋ ਅਪਣਾ ਦ੍ਰਿਸ਼ਟੀਕੋਨ ਸਾਹਮਣੇ ਰਖਣਗੀਆਂ। ਸਰਹੱਦੀ ਝਗੜੇ ਦੇ ਸਬੰਧ ਵਿਚ ਦੋਹਾਂ ਦੇਸ਼ਾਂ ਵਿਚਕਾਰ ਪਹਿਲਾਂ ਹੋ ਚੁਕੀਆਂ ਰਹੀਆਂ ਗਲਬਾਤਾਂ ਨੂੰ ਆਧਾਰ ਬਣਾਇਆ ਜਾਵੇਗਾ।

ਇਹ ਗਲ ਵੀ ਮੁਬਾਰਕ ਹੀ ਹੈ ਕਿ ਅਪਣੀ ਲੋਕ ਚੀਨ ਫੇਰੀ ਸਮੇਂ ਪਰਧਾਨ ਮੰਤਰੀ ਰਾਜੀਵ ਗਾਂਧੀ ਲੋਕ ਚੀਨ ਦੇ ਪਰਧਾਨ ਮੰਤਰੀ ਨੂੰ ਭਾਰਤ ਆਉਣ ਦਾ ਸੱਦਾ ਦੇਣਗੇ।

ਪਰਧਾਨ ਮੰਤਰੀ ਦੀ ਲੋਕ ਚੀਨ ਫੇਰੀ ਤੋਂ ਪਹਿਲਾਂ ਭਾਰਤ ਦਾ ਇਕ ਉਚ ਪਧਰਾ ਵਫਦ ਪੇਕਿੰਗ ਗਿਆ ਸੀ ਅਤੇ ਇਸ ਦੌਰੇ ਬਾਰੇ ਸਾਰੇ ਪਰੋਗਰਾਮ ਤਹਿ ਕਰਕੇ ਆ ਗਿਆ ਸੀ।

ਪਰਧਾਨ ਮੰਤਰੀ ਦੀ ਇਸ ਫੇਰੀ ਤੋਂ ਪਹਿਲਾਂ ਦੋਹਾਂ ਦੇਸ਼ਾਂ ਵਿਚਕਾਰ ਸਬੰਧਾਂ ਨੂੰ ਚੰਗੇਰੇ ਬਨਾਉਣ ਦੇ ਪਿਛੋਕੜ ਵਿਚ ਦੋਹਾਂ ਹੀ ਧਿਰਾਂ ਵਲੋਂ ਬਹੁਤ ਕੁਝ ਕਿਹਾ ਜਾ ਚੁਕਾ ਹੈ। ਆਸ ਕੀਤੀ ਜਾਂਦੀ ਹੈ ਕਿ ਪਰਧਾਨ ਮੰਤਰੀ ਦੀ ਇਸ ਫੇਰੀ ਨਾਲ ਭਾਰਤ ਅਤੇ ਲੋਕ ਚੀਨ ਵਿਚਕਾਰ ਸਬੰਧਾਂ ਵਿਚ ਸੁਧਾਰ ਦਾ ਤੇ ਦੋਸਤੀ ਅਤੇ ਆਪਸੀ ਮਿਲਵਰਤਣ ਦਾ ਇਕ ਨਵਾਂ ਦੌਰ ਆਰੰਭ ਹੋਵੇਗਾ।

ਲੋਕ ਭਾਰਤ ਚੀਨ ਸਬੰਧਾਂ ਜਾਂ ਭਾਰਤ ਅਤੇ ਲੋਕ ਚੀਨ ਵਿਚਕਾਰ ਵਧ ਰਹੀ ਨੇੜਤਾ ਦੇ ਸਬੰਧ ਵਿਚ ਕੁਝ ਗੱਲਾਂ ਦਾ ਨੋਟਿਸ ਲੈਣਾ ਜਰੂਰੀ ਬਣਦਾ ਹੈ।

ਭਾਰਤ ਅਤੇ ਲੋਕ ਚੀਨ ਵਿਚਕਾਰ ਨੇੜਤਾ ਦਾ ਇਤਿਹਾਸ ਬਹੁਤ ਪੁਰਾਣਾ ਹੈ ਪਰ ਭਾਰਤ ਦੇ ਆਜ਼ਾਦ ਹੋਣ ਅਤੇ ਲੋਕ ਚੀਨ ਵਿਚ ਸਫਲ ਇਨਕਲਾਬ ਤੋਂ ਪਿਛੋਂ ਦੋਹਾਂ ਦੇਸ਼ਾਂ ਵਿਚਕਾਰ ਛੇਤੀ ਹੀ ਨੇੜੇ ਦੇ ਸਬੰਧ ਸਥਾਪਤ ਹੋ ਗਏ। 1955-56 ਤਕ ਇਹ ਸਬੰਧ ਬਹੁਤ ਹੀ ਗੂੜੇ ਹੋ ਚੁਕੇ ਸਨ। ਇਸ ਸਮੇਂ ਤਕ ਦੋਹਾਂ ਦੇਸ਼ਾਂ ਦੇ ਪਰਧਾਨ ਮੰਤਰੀ ਵੀ ਇਕ ਦੂਜੇ ਦੇਸ਼ ਵਿਚ ਆ ਜਾ ਚੁਕੇ ਸਨ ਅਤੇ ਸਭਿਆਚਾਰਕ, ਆਰਥਕ ਅਤੇ ਵਪਾਰਕ ਆਦਿ ਕਈ ਖੇਤਰਾਂ ਵਿਚ ਦੋਹਾਂ ਦੇਸ਼ਾਂ ਵਿਚਕਾਰ ਮਿਲਵਰਤੋਂ ਕਾਇਮ ਹੋ ਚੁਕੀ ਸੀ। ਇਸ ਦੌਰ ਵਿਚ ਜਿੰਨੇ ਵੀ ਭਾਰਤੀ ਵਫਦ, ਪੱਤਰਕਾਰ ਅਤੇ ਹੋਰ ਸਿਆਸੀ ਆਗੂ ਲੋਕ ਚੀਨ ਗਏ ਸਨ ਉਹ ਸਾਰੇ ਹੀ ਉਸ ਦੇਸ਼ ਵਿਚ ਇਨਕਲਾਬ ਤੋਂ ਪਿਛੋਂ ਹੋਈ ਬੇ-ਬਹਾ ਉਨਤੀ ਅਤੇ ਪ੍ਰਗਤੀ ਤੋਂ ਬੜੇ ਹੀ ਪ੍ਰਭਾਵਤ ਹੋਏ ਸਨ ਅਤੇ ਉਹਨਾਂ ਨੇ ਇਸ ਸਬੰਧੀ ਵਿਚ ਉਸ ਦੌਰ ਵਿਚ ਅਖਬਾਰਾਂ ਵਿਚ ਲੇਖ ਵੀ ਲਿਖੇ ਸਨ।

1959 ਤੋਂ ਪਿਛੋਂ ਦੋਹਾਂ ਦੇਸ਼ਾਂ ਵਿਚਕਾਰ ਸਰਹੱਦੀ ਉਲੰਘਣਾਵਾਂ ਨੂੰ ਲੈਕੇ ਤਣਾਅ ਦਾ ਇਕ ਦੌਰ ਆਰੰਭ ਹੋਇਆ ਇਸ ਤਣਾਅ ਦੇ ਭਾਵੇਂ ਬਹੁਤ ਸਾਰੇ ਹੋਰ ਕਾਰਨ ਵੀ ਸਨ ਪਰ ਇਕ ਕਾਰਨ ਤਿਬਤ ਦੀਆਂ ਘਟਨਾਵਾਂ ਵੀ ਸਨ। ਤਿਬਤ ਦਾ ਮਾਮਲਾ ਲੋਕ ਚੀਨ ਦਾ ਅਪਣਾ ਮਾਮਲਾ ਸੀ ਅਤੇ ਉਥੇ ਦਲਾਈ ਲਾਮਾ ਦੀ ਅਗਵਾਈ ਵਿਚ ਹੋਈ ਕੁਝ ਉਥਲ ਪੁਥਲ ਨੂੰ ਕੁਚਲਨ ਲਈ ਲੋਕ ਚੀਨ ਦੀ ਸਰਕਾਰ ਨੇ ਜਿਹੜੇ ਵੀ ਕਦਮ ਚੁਕੇ ਉਹ ਜਰੂਰਤ ਸਨ।

ਦਲਾਈ ਲਾਮਾ ਅਤੇ ਉਸਦੇ ਕੁਝ ਹੋਰ ਹਮਾਇਤੀਆਂ ਨੇ ਉਸ ਸਮੇਂ ਭਾਰਤ ਵਿਚ ਆ ਕੇ ਸ਼ਰਨ ਲੈ ਲਈ। ਇਸ ਤੋਂ ਬਿਨਾ ਉਸਨੇ ਭਾਰਤ ਵਿਚੋਂ ਲੋਕ ਚੀਨ ਵਿਰੁਧ ਕਈ ਤਰਾਂ ਦੀ ਬਿਆਨ ਬਾਜ਼ੀ ਵੀ ਜਾਰੀ ਰਖੀ। ਉਸ ਦੌਰ ਵਿਚ ਪੀਕਿੰਗ ਨੇ ਦਲਾਈ ਲਾਮਾ ਦੀ ਬਿਆਨਬਾਜ਼ੀ ਬਾਰੇ ਭਾਰਤ ਸਰਕਾਰ ਨੂੰ ਵੀ ਬੇਨਤੀਆਂ ਕੀਤੀਆਂ ਕਿ ਉਹ ਅਜਿਹੀ ਆਗਿਆ ਨਾ ਦੇਵੇ। ਪਰ ਸਰਕਾਰ ਨੇ ਇਸ ਤਰਾਂ ਦੀ ਬਿਆਨਬਾਜ਼ੀ ਨੂੰ ਰੋਕਣ ਲਈ ਕੁਝ ਵੀ


## ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਫਿਲਪਾਈਨ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ



CANADIAN AIRLINES INTERNATIONAL

AIR CANADA
BRITISH AIRWAYS
CATHAY PACIFIC

THAI AIRWAYS INTERNATIONAL

& OTHER MAJO AIRLINES

*AUTHORIZED AGENTS FOR*

ਘੱਟ ਤੋਂ ਘੱਟ ਕਿਰਾਏ

ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**BAINS TRAVEL SERVICE**

6384 Fraser Street, Vancouver, B.C. Ph. 324-2277

935 Marine Drive, Capilano Mall, N. Vancouver

1710 Douglas St. Victoria, B.C. Ph. 386-6363

ਨਾ ਕੀਤਾ। ਏਹੋ ਹੀ ਨਹੀਂ ਉਧਰੋਂ ਭਜਕੇ ਆਏ ਤਿਬਤੀਆਂ ਨਾਲ ਅਮਰੀਕਾ ਦੀ ਖੁਫੀਆ ਏਜੰਸੀ ਨੇ ਸੰਪਾਰਕ ਕਾਇਮ ਕਰ ਲਿਆ ਅਤੇ ਦਿੱਲੀ ਵਿਖੇ ਲੋਕ ਚੀਨ ਵਿਰੁਧ ਵਿਖਾਵੇ ਹੋਣੇ ਸ਼ੁਰੂ ਹੋ ਗਏ। ਇਸ ਸਭ ਕੁਝ ਨੂੰ ਪੀਕਿੰਗ ਦੇ ਹਾਕਮਾਂ ਨੇ ਬੁਰਾ ਮਨਾਇਆ। ਦੂਜੇ ਪਾਸੇ ਸਰਹੱਦੀ ਉਲੰਘਣਾਵਾਂ ਦਾ ਸਿਲਸਲਾ ਵੀ ਤੇਜੀ ਫੜ ਗਿਆ। ਇਸ ਤਰਾਂ ਦੀ ਅਵਸਥਾ ਵਿਚ ਹੋਰ ਵੀ ਕਈ ਤਰਾਂ ਦੀਆਂ ਗਲਤ ਫਹਿਮੀਆਂ ਪੈਦਾ ਹੋ ਗਈਆਂ ਅਤੇ ਜਿਹੜੀਆਂ ਸਾਮਰਾਜੀ ਸ਼ਕਤੀਆਂ ਭਾਰਤ ਲੋਕ ਚੀਨ ਵਿਚਕਾਰ ਵਧ ਰਹੀ ਦੋਸਤੀ ਤੋਂ ਦੁਖੀ ਸਨ ਉਹਨਾਂ ਨੇ ਵੀ ਇਸ ਅਵਸਥਾ ਤੋਂ ਲਾਭ ਉਠਾਉਣਾ ਸ਼ੁਰੂ ਕਰ ਦਿਤਾ। ਉਸ ਸਮੇਂ ਹਿੰਦ ਲੋਕ ਚੀਨ ਸਰਹੱਦ ਉਤੇ ਛੋਟੀਆਂ ਮੋਟੀਆਂ ਸਰਹੱਦੀ ਝੜਪਾਂ ਨੂੰ ਭਾਰਤ ਦੀ ਪਾਰਲੀਮੈਂਟ ਅੰਦਰ ਕਮਿਊਨਿਸਟ ਵਿਰੋਧੀ ਲਾਬੀ ਨੇ ਖੂਬ ਉਛਾਲਿਆ ਅਤੇ ਇਸ ਤਰਾਂ ਲੋਕ ਚੀਨ ਦੀ ਸਰਕਾਰ ਵਿਰੁਧ ਵੀ ਕਈ ਕਿਸਮ ਦੀਆਂ ਝੂਠੀਆਂ ਤੋਹਮਤਾਂ ਲਾਈਆਂ ਗਈਆਂ।

ਉਪਰੋਕਤ ਕਿਸਮ ਦੀ ਅਵਸਥਾ ਨੇ ਦੋਹਾਂ ਦੇਸ਼ਾਂ ਵਿਚਕਾਰ ਨਾ ਕੇਵਲ ਖਿਚਾਅ ਨੂੰ ਹੀ ਵਧਾਇਆ ਸਗੋਂ ਸਰਹੱਦੀ ਝੜਪਾਂ ਵਿਚ ਵੀ ਵਾਧਾ ਹੋਇਆ ਅਤੇ ਦਸੰਬਰ 1962 ਵਿਚ ਇਹ ਸਰਹੱਦੀ ਝੜਪਾਂ ਵਧਕੇ ਇਕ ਥਾਂ ਉਤੇ ਵਡੀ ਸਰਹੱਦੀ ਟੱਕਰ ਵਿਚ ਬਦਲ ਗਈਆਂ। ਉਸ ਦੌਰ ਵਿਚ ਸਾਡੇ ਦੇਸ਼ ਅੰਦਰ ਲੋਕ ਚੀਨ ਵਿਰੁਧ ਨਫਰਤ ਦੀ ਵਾਤਾਵਰਨ ਪੈਦਾ ਕੀਤਾ ਗਿਆ ਅਤੇ ਕਮਿਊਨਿਸਟ ਵਿਰੋਧੀ ਸ਼ਕਤੀਆਂ ਨੇ ਇਸ ਤਰਾਂ ਦੀ ਪੈਦਾ ਹੋ ਗਈ ਅਵਸਥਾ ਤੋਂ ਹਰ ਤਰਾਂ ਦਾ ਲਾਭ ਉਠਾਉਣ ਦੀ ਕੋਸ਼ਿਸ਼ ਕੀਤੀ।

ਉਸ ਦੌਰ ਵਿਚ ਸਾਂਝੀ ਕਮਿਊਨਿਸਟ ਪਾਰਟੀ ਅੰਦਰ ਵੀ ਇਸ ਸੁਆਲ ਉਤੇ ਮਤ ਭੇਦ ਉਠੇ ਕਿ ਆਇਆ ਕੌਮੀ ਸ਼ਾਵਨਵਾਦ ਵਿਚ ਰੁੜਕੇ ਉਸੇ ਤਰਾਂ ਲੋਕ ਚੀਨ ਨੂੰ ਗਾਲਾਂ ਕਢੀਆਂ ਜਾਣ ਜਿਵੇਂ ਕਿ ਹੋਰ ਹਾਕਮ ਜਮਾਤਾਂ ਦੀਆਂ ਪਾਰਟੀਆਂ ਕੱਢ ਰਹੀਆਂ ਹਨ ਜਾਂ ਅਸੂਲੀ ਪਹੁੰਚ ਲਈ ਜਾਵੇ। ਉਸ ਸਮੇਂ ਹੁਣ ਦੀ ਸੀ. ਪੀ. ਆਈ (ਐਮ) ਦੀ ਲੀਡਰਸ਼ਿਪ ਨੇ ਅਸੂਲੀ ਪਹੁੰਚ ਲੈਣ ਦੀ ਲਾਈਨ ਲਈ ਜਦ ਕਿ ਸੀ. ਪੀ. ਆਈ ਵਿਚ ਮੌਜੂਦਾ ਲੀਡਰਸ਼ਿਪ ਨੇ ਕੌਮੀ ਸ਼ਾਵਨਵਾਦ ਵਿਚ ਰੁੜ ਜਾਣ ਦੀ।

ਹੁਣ ਸੀ. ਪੀ. ਆਈ (ਐਮ) ਵਿਚ ਸ਼ਾਮਲ ਲੀਡਰਸ਼ਿਪ ਨੇ ਉਦੋਂ ਇਹ ਸਟੈਂਡ ਲਿਆ ਸੀ ਕਿ ਜਿਥੇ ਸਰਹੱਦੀ ਝੜਪਾਂ ਦੁਖਦਾਇਕ ਗਲ ਹਨ ਉਥੇ ਦੋਹਾਂ ਹੀ ਧਿਰਾਂ ਨੂੰ ਸਰਹੱਦੀ ਝਗੜਾ ਗਲਬਾਤ ਰਾਹੀਂ ਨਬੇੜਨ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਜੰਗ ਦੇ ਰਾਹ ਨਹੀਂ ਤੁਰਨਾ ਚਾਹੀਦਾ ਕਿਉਂ ਜੁ ਇਹ ਦੋਹਾਂ ਦੇ ਹੀ ਹਿੱਤ ਵਿਚ ਨਹੀਂ।

ਉਪਰੋਕਤ ਅਸੂਲੀ ਸਟੈਂਡ ਲੈਣ ਕਾਰਨ ਸੀ. ਪੀ. ਆਈ (ਐਮ) ਵਿਚ ਸ਼ਾਮਲ ਲੀਡਰਸ਼ਿਪ ਨੂੰ ਉਦੋਂ ਜਿਹਲਾਂ ਵਿਚ ਨਜ਼ਰਬੰਦ ਰਖਿਆ ਗਿਆ। ਏਹੋ ਹੀ ਨਹੀਂ ਇਹਨਾਂ ਨੂੰ ਗਦਾਰ ਤਕ ਕਿਹਾ ਗਿਆ।

1962 ਤੋਂ ਪਿਛੋਂ ਭਾਵੇਂ ਹਿੰਦ ਚੀਨ ਸਰਹੱਦ ਉਤੇ ਕੋਈ ਵਡੀ ਝੜਪ ਨਾ ਹੋਈ ਪਰ ਖਿਚਾਅ ਲਗਾਤਾਰ ਜਾਰੀ ਰਿਹਾ। 1964 ਤੋਂ ਪਿਛੋਂ ਲੋਕ ਚੀਨ ਅੰਦਰ ਸਭਿਆਚਾਰਕ ਇਨਕਲਾਬ ਸ਼ੁਰੂ ਹੋ ਗਿਆ ਅਤੇ ਇਸਦੇ ਨਾਲ ਹੀ ਕੌਮਾਂਤਰੀ ਕਮਿਊਨਿਸਟ ਲਹਿਰ ਅੰਦਰ ਵਾਦ-ਵਿਵਾਦ ਤਿੱਖੀ ਸ਼ਕਲ ਧਾਰਨ ਕਰ ਗਿਆ। ਲੋਕ ਚੀਨ ਦੀ ਕਮਿਊਨਿਸਟ ਪਾਰਟੀ ਨੇ ਖੁਲੇ ਆਮ ਸੋਵੀਅਤ ਯੂਨੀਅਨ ਦੀ ਉਸ ਸਮੇਂ ਦੀ ਲੀਡਰਸ਼ਿਪ ਉਤੇ ਹਮਲੇ ਸ਼ੁਰੂ ਕਰ ਦਿਤਾ। ਇਸ ਸਭ ਕੁਝ ਨਾਲ ਸੰਸਾਰ ਕਮਿਊਨਿਸਟ ਲਹਿਰ ਵਿਚ ਫੁਟ ਖੁਲ੍ਹੇ-ਆਮ ਸਾਹਮਣੇ ਆ ਗਈ। ਇਸ ਸਬੰਧ ਵਿਚ ਚੱਲੇ ਵਾਦ-ਵਿਵਾਦ ਬਾਰੇ ਬਹੁਤ ਕੁਝ ਲਿਖਿਆ ਜਾ ਚੁਕੀ ਹੈ।

1973-74 ਵਿਚ ਜਿਥੇ ਲੋਕ ਚੀਨ ਦੀਆਂ ਅੰਦਰੂਨੀ ਪਾਲਸੀਆਂ ਵਿਚ ਕੁਝ ਤਬਦੀਲੀ ਆਈ ਉਥੇ ਨਾਲ ਹੀ ਬਦੇਸੀ ਪਾਲਸੀਆਂ ਵਿਚ ਵੀ ਤਬਦੀਲੀ ਨੋਟ ਕੀਤੀ ਗਈ। ਕੌਮਾਂਤਰੀ ਇਕੱਠਾਂ ਵਿਖੇ ਲੋਕ ਚੀਨ ਦੇ ਪ੍ਰਤੀਨਿਧ ਭਾਰਤੀ ਪ੍ਰਤੀਨਿਧਾਂ ਨੂੰ ਖੁਲ ਡੁਲ੍ਹ ਕੇ ਮਿਲਦੇ ਰਹੇ ਅਤੇ ਇਸ ਤਰਾਂ ਆਰੰਭਕ ਗਲਾਂਬਾਤਾਂ ਹੁੰਦੀਆਂ ਰਹੀਆਂ। ਸਾਡੇ ਦੇਸ ਦੀ ਬਦੇਸੀ ਵਜ਼ਾਰਤ ਨੇ ਇਸ ਸਭ ਕੁਝ ਵਿਚੋਂ ਨਵੀਂ ਤਬਦੀਲੀ ਨੋਟ ਕੀਤੀ ਅਤੇ ਇਸ ਤਰਾਂ ਸਾਬਕਾ ਪਰਧਾਨ ਮੰਤਰੀ ਨੇ ਜਿਥੇ ਹੋਰ ਵੱਖ ਵੱਖ ਪੱਧਰਾਂ ਉਤੇ ਸਰਗਰਮੀਆਂ ਤੇਜ਼ ਕੀਤੀਆਂ ਉਥੇ ਨਾਲ ਹੀ ਨਾਲ ਦੇਸ਼ ਅੰਦਰ ਛਪਦੇ ਸਾਰੇ ਅਖਬਾਰਾਂ ਅਤੇ ਰਸਾਲਿਆਂ ਦੇ ਸੰਪਾਦਕਾਂ ਨੂੰ ਪੀ. ਆਈ. ਬੀ ਵਲੋਂ ਇਹ ਖੁਫੀਆ ਹਦਾਇਤਾਂ ਦਿਤੀਆਂ ਗਈਆਂ ਕਿ ਲੋਕ ਚੀਨ ਦੇ ਸਬੰਧ ਵਿਚ ਅਜਿਹੀ ਕੋਈ ਵੀ ਖਬਰ ਜਾਂ ਲੇਖ ਨਾ ਪ੍ਰਕਾਸ਼ਤ ਕੀਤਾ ਜਾਵੇ ਜਿਸ ਨਾਲ ਦੋਹਾਂ ਦੇਸ਼ਾਂ ਦੇ ਸਬੰਧਾਂ ਵਿਚ ਕੁੜਤਣ ਪੈਦਾ ਹੁੰਦੀ ਹੋਵੇ। ਇਹਨਾਂ ਹਦਾਇਤਾਂ ਤੋਂ ਇਹ ਗਲ ਵੀ ਸਪੱਸ਼ਟ ਸੀ ਕਿ ਅੰਦਰਖਾਤੇ ਭਾਰਤ ਸਰਕਾਰ ਲੋਕ ਚੀਨ ਨਾਲ ਸਬੰਧ ਸੁਧਾਰਨ ਲਈ ਕੁਝ ਕਦਮ ਪੁਟ ਰਹੀ ਹੈ।

ਬਦੇਸੀ ਵਜ਼ਾਰਤ ਵਲੋਂ ਲੋਕ ਚੀਨ ਨਾਲ ਸਬੰਧ ਸੁਧਾਰਨ ਲਈ ਕੀਤੇ ਗਏ ਵੱਖ ਵੱਖ ਉਪਰਾਲਿਆਂ ਦੇ ਪਿਛੋਕੜ ਵਿਚ ਭਾਰਤ ਨੇ 1975 ਦੇ ਅਖੀਰ 'ਚ ਆਪਣਾ ਸਫੀਰ ਲੋਕ ਚੀਨ ਰਵਾਨਾ ਕਰ ਦਿਤਾ ਅਤੇ ਦੂਜੇ ਪਾਸੇ ਬਦਲਵੇਂ ਤੌਰ ਉਤੇ ਲੋਕ ਚੀਨ ਨੇ ਵੀ ਆਪਣਾ ਸਫੀਰ ਭਾਰਤ ਭੇਜਣ ਦਾ ਫੈਸਲਾ ਕੀਤਾ।

ਇਸ ਤਰਾਂ ਦੋਹਾਂ ਦੇਸਾਂ ਵਿਚਕਾਰ ਪੂਰੇ ਸਿਫਾਰਤੀ ਸਬੰਧਾਂ ਦੇ ਮੁੜ ਸਥਾਪਤ ਹੋਣ ਪਿਛੋਂ ਦੋਹਾਂ ਦੇਸਾਂ ਵਿਚਕਾਰ ਆਵਾਜਾਈ ਸ਼ੁਰੂ ਹੋ ਗਈ ਅਤੇ ਸਹਿਜੇ ਸਹਿਜੇ ਸਭਿਆਚਾਰਕ, ਆਰਥਕ ਵਿਪਾਰਕ ਅਤੇ ਹੋਰਖੇਤਰਾਂ ਵਿਚ ਸਬੰਧ ਸਥਾਪਤ ਹੋ ਗਏ।


■ ਸਪੈਸ਼ਲ **GABA TRAVELS (1982) LTD.** ■ ਸਪੈਸ਼ਲ ■

6612 MAIN ST., VANCOUVER, B.C. V5X 3H2

**Tel. (604) 324-3336**



KLM

**AUTHORIZED AGENTS FOR AIR INDIA**

AND NOW WE ARE AUTHORISED

**K.L.M.** (ROYAL DUTCH AIRLINES)

SPECIAL FARE TO: Delhi, Karachi, Colombo, Singapore, London, Amsterdam

ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ASSOCIATED OFFICES IN INDIA:

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

**ਗੁਰੂ ਨਾਨਕ ਟਰੈਵਲ**

ਨਿਊ ਸੋਢੀ ਨਗਰ, ਮੋਗਾ,

ਫੋਨ 2161, 35 32

**TOLL FREE NO.**

**B. C. & ALBERTA**

**1—800 663 6696**

*GABA TRAVELS*
(Opposit Friends Theatre)
JALLANDHAR CITY
TEL. 74597

*GABA TRAVELS*
V.P.O. NURMAHAL
JALLANDHAR
TEL. 49

*GABA TRAVELS*
NEW DELHI

ਫੇਰ ਪਿਛੋਂ ਸਰਹੱਦੀ ਮਸਲਾ ਨਿਪਟਾਉਣ ਲਈ ਵਾਂ ਉਚ ਪਧਰੀਆਂ ਗਲਾਂਬਾਤਾਂ ਆਰੰਭ ਹੋ ਗਈਆਂ। ਇਹਨਾਂ ਗਲਾਂਬਾਤਾਂ ਦੇ ਨਵੀਂ ਦਿੱਲੀ ਅਤੇ ਪੀਕਿੰਗ ਵਿਚ ਸੱਤ ਅੱਠ ਗੇੜ ਚਲ ਚੁਕੇ ਹਨ।

ਪਰਧਾਨ ਮੰਤਰੀ ਦੀ 18 ਦਸੰਬਰ ਨੂੰ ਆਰੰਭ ਹੋਣ ਵਾਲੀ ਭਾਰਤ ਫੇਰੀ ਦੋਹਾਂ ਦੇਸ਼ਾਂ ਵਿਚਕਾਰ ਸਬੰਧਾਂ ਵਿਚ ਬਿਹਤਰੀ ਦੀ ਸੇਧ ਵਿਚ ਇਕ ਅਹਿਮ ਕਦਮ ਹੈ।

● ਪਰਧਾਨ ਮੰਤਰੀ ਰਾਜੀਵ ਗਾਂਧੀ ਦੀ ਲੋਕ ਚੀਨ ਫੇਰੀ ਦਾ ਐਲਾਨ ਹੋਣ ਤੋਂ ਪਿਛੋਂ ਸਾਡੇ ਦੇਸ਼ ਦੇ ਪ੍ਰੈਸ ਦੇ ਕੁਝ ਹਿਸਿਆਂ ਅੰਦਰ ਅਤੇ ਕੁਝ ਹੋਰ ਸਿਆਸੀ ਹਲਕਿਆਂ ਵਿਚ ਕੁਝ ਨਾਂਹ-ਪੱਖੀ ਰੁਝਾਨ ਉਭਰੇ ਹਨ ਜਿਨਾਂ ਵਿਚ ਵਿੰਗੇ ਟੇਢੇ ਢੰਗ ਨਾਲ ਪ੍ਰਧਾਨ ਮੰਤਰੀ ਦੇ ਤਜਵੀਜ਼ ਹੋਏ ਲੋਕ ਚੀਨ ਦੇ ਦੌਰੇ ਦੀ ਵਿਰੋਧਤਾ ਕੀਤੀ ਗਈ ਹੈ।

ਪਰਧਾਨ ਮੰਤਰੀ ਦੀ ਲੋਕ ਚੀਨ ਯਾਤਰਾ ਆਰੰਭ ਹੋਣ ਤੋਂ ਪਹਿਲਾਂ ਅਖਬਾਰ ਇੰਡੀਅਨ ਐਕਸਪ੍ਰੈਸ ਨੇ ਹਿੰਦ ਚੀਨ ਸਰਹੱਦੀ ਝਗੜੇ ਦੇ ਸਬੰਧ ਵਿਚ ਟਿਪਣੀ ਨੁਮਾ ਖਬਰਾਂ ਦੇਣ ਦੀ ਇਕ ਮੁਹਿੰਮ ਚਲਾ ਰਖੀ ਹੈ ਜਿਸ ਵਿਚ ਜਿਥੇ ਲੈ ਦੇ ਕੇ ਸਰਹੱਦੀ ਝਗੜਾ ਨਬੇੜਨ ਦੀ ਕਿਸੇ ਵੀ ਪਹੁੰਚ ਦਾ ਵਿਰੋਧ ਕੀਤਾ ਗਿਆ ਹੈ ਉਥੇ ਨਾਲ ਹੀ ਲੋਕ ਚੀਨ ਦੀ ਸਰਕਾਰ ਦੇ ਸਰਹੱਦੀ ਝਗੜੇ ਬਾਰੇ ਪੁਰਾਣੇ ਨਿਰਣਿਆਂ ਅਤੇ ਸਥਾਪਨਾਵਾਂ ਨੂੰ ਵੀ ਉਭਾਰਿਆ ਗਿਆ।

ਇੰਡੀਅਨ ਐਕਸਪ੍ਰੈਸ ਨੇ ਪੀਕਿੰਗ ਰੀਵੀਊ ਦੇ ਹਵਾਲੇ ਨਾਲ ਇਹ ਖਬਰ ਵੀ ਛਾਪੀ ਹੈ ਕਿ ਲੋਕ ਚੀਨ ਮੈਕਮੋਹਨ ਲਾਈਨ ਨੂੰ ਮਾਣਤਾ ਨਹੀਂ ਦਿੰਦਾ।

ਜਿਥੋਂ ਤਕ ਮੈਕਮੋਹਨ ਲਾਈਨ ਦਾ ਸਬੰਧ ਹੈ ਇਹ ਦੋਵਾਂ ਹੀ ਦੇਸ਼ਾਂ ਨੂੰ ਪਿਛਲੀਆਂ ਹਕੂਮਤਾਂ ਤੋਂ ਵਿਰਸੇ ਵਿਚ ਮਿਲੀ ਹੈ। ਇਹ ਕੋਈ ਸਿੱਧੀ ਪਧਰੀ ਰੇਖਾ ਨਹੀਂ। ਮੈਕਮੋਹਨ ਲਾਈਨ ਦੇ ਸਬੰਧ ਵਿਚ ਇਤਿਹਾਸਕ ਤੱਥ ਇਹ ਹਨ ਕਿ ਇਹ ਇਕ ਫਰਜ਼ੀ ਲਾਈਨ ਹੈ। ਬਹੁਤ ਹੀ ਉਚੇ ਅਤੇ ਨਵੇਂ ਟੇਢ ਮੇਢੇ ਬੇਆਬਾਦ ਪਹਾੜਾਂ ਉਤੇ ਦੀ ਇਹ ਗੁਜ਼ਰਦੀ ਹੈ। ਕਿਉਂ ਜੁ ਇਹ ਇਕ ਫਰਜ਼ੀ ਲਾਈਨ ਹੈ ਇਸ ਲਈ ਨਕਸ਼ਾਂ ਅਤੇ ਉਚੇ ਪਹਾੜਾਂ ਉਤੇ ਇਸ ਦਾ ਅਨੁਮਾਨ ਲਾਉਂਦਿਆਂ ਪੰਜ ਦਸ ਕਿਲੋਮੀਟਰ ਦਾ ਵੱਲ ਫਰ ਲਗ ਸਕਦਾ ਹੈ।

ਉਪਰੋਕਤ ਪਹਿਲੂਆਂ ਨੂੰ ਮੁਖ ਰਖਦਿਆਂ ਮੈਕਮੋਹਨ ਲਾਈਨ ਕਿਸੇ ਵੀ ਤਰ੍ਹਾਂ ਕਿਸੇ ਅਹਿਮ ਖੇਤਰ ਦੇ ਇਧਰ ਉਧਰ ਹੋਣ ਬਾਰੇ ਅਧਾਰ ਨਹੀਂ ਬਣ ਸਕਦੀ। ਇਸ ਪਿਛੋਕੜ ਵਿਚ ਜੇ ਸਰਹੱਦੀ ਝਗੜੇ ਦਾ ਕੋਈ ਨਬੇੜਾ ਹੋਣਾ ਹੈ ਤਾਂ ਲੈ ਦੇਕੇ ਹੀ ਹੋ ਸਕਦਾ ਹੈ।

ਪਰਧਾਨ ਮੰਤਰੀ ਦੀ ਆਰੰਭ ਹੋ ਰਹੀ ਲੋਕ ਚੀਨ ਫੇਰੀ ਉਹਨਾਂ ਸ਼ਕਤੀਆਂ ਲਈ ਵੱਡੇ ਕਸ਼ਟ ਦੀ ਨਿਆਈਂ ਹੈ ਜਿਹੜੀਆਂ ਕਿ ਪਰਲੇ ਦਰਜੇ ਦੀਆਂ ਕਮਿਊਨਿਸਟ ਵਿਰੋਧੀ ਹਨ ਅਤੇ ਜਿਨਾਂ ਵਲੋਂ ਲਗਾਤਾਰ ਇਹ ਰੱਟ ਲਾਈ ਜਾ ਰਹੀ ਹੈ ਕਿ "ਲੋਕ ਚੀਨ ਨਾਲ ਉਨਾਂ ਚਿਰ ਤਕ ਕੋਈ ਗੱਲਬਾਤ ਨਾ ਕੀਤੀ ਜਾਵੇ ਜਿੰਨਾ ਚਿਰ ਤਕ ਕਿ ਉਹ ਭਾਰਤ ਦੇ ਮੱਲੇ ਹੋਏ ਇਲਾਕੇ ਖਾਲੀ ਨਹੀਂ ਕਰਦਾ।

ਪਰਧਾਨ ਮੰਤਰੀ ਦੀ ਲੋਕ ਚੀਨ ਫੇਰੀ ਉਹਨਾਂ ਸਭਨਾਂ ਹੀ ਸ਼ਕਤੀਆਂ ਲਈ ਇਕ ਖੁਸ਼ੀ ਵਾਲੀ ਘਟਨਾ ਹੈ ਜਿਹੜੀਆਂ ਕਿ ਦੋਹਾਂ ਦੇਸ਼ਾਂ ਵਿਚਕਾਰ ਨੇੜਤਾ ਦੀਆਂ ਇਛੁੱਕ ਹਨ ਅਤੇ ਜਿੰਨਾਂ ਵਲੋਂ ਲਗਾਤਾਰ ਇਸ ਗੱਲ ਉਤੇ ਜ਼ੋਰ ਦਿਤਾ ਜਾ ਰਿਹਾ ਹੈ ਕਿ ਭਾਰਤ-ਚੀਨ ਵਿਚਕਾਰ ਸਰਹੱਦੀ ਝਗੜੇ ਦਾ ਮਾਮਲਾ ਗਲਬਾਤ ਰਾਹੀਂ ਹੱਲ ਕੀਤਾ ਜਾਵੇ।

ਸਾਨੂੰ ਪੂਰਨ ਆਸ ਹੈ ਕਿ ਰਾਜੀਵ ਗਾਂਧੀ ਦੀ ਲੋਕ ਚੀਨ ਫੇਰੀ ਦੇ ਚੰਗੇ ਸਿਟੇ ਨਿਕਲਣਗੇ ਅਤੇ ਹਿੰਦੀ-ਚੀਨੀ ਭਾਈ ਭਾਈ ਭਾਈ ਦਾ ਨਾਹਰਾ ਫੇਰ ਉਸੇ ਹੀ ਤਰਾਂ ਗੂੰਜੇਗਾ ਜਿਵੇਂ ਕਿ ਪਹਿਲਾਂ ਗੂੰਜਦਾ ਹੁੰਦਾ ਸੀ।

ਇਹਨਾਂ ਸ਼ਬਦਾਂ ਨਾਲ ਅਸੀਂ ਅੱਜ ਤੋਂ ਅਰੰਭ ਹੋਣ ਵਾਲੇ ਪਰਧਾਨ ਮੰਤਰੀ ਰਾਜੀਵ ਗਾਂਧੀ ਦੇ ਲੋਕ ਚੀਨ ਦੌਰੇ ਦੀ ਹਰ ਪੱਖ ਤੋਂ ਸਫਲਤਾ ਦੀ ਕਾਮਨਾ ਕਰਦੇ ਹਾਂ।

●

For all your real-estate needs



Experienced Realtor
In Surrey
Specialising in
Custom-built
New Houses

GARY SANGHERA

Office: 588-9955

Lakeview Realty Ltd.
10732 King George Hwy. Surrey.

PAUL'S
PLUMBING, ELECTRICAL
& HEATING SUPPLY



OPEN 7 DAYS
A WEEK



4578 Main St., Vancouver
PH. 872-3118, 872-7227

Plumbing & Bathroom
Fixtures & Supplies
Hot Water Tanks

Hot Water Heating
& Supplies
And Instalations

# ਬਰਨਾਲਾ ਦਾ ਪ੍ਰਾਸ਼ਚਿਤ

– ਖੁਸ਼ਵੰਤ ਸਿੰਘ

ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਉਤੇ ਹੁੰਦਿਆਂ ਹਰਿਮੰਦਰ ਸਾਹਿਬ ਦੇ ਪਵਿੱਤਰ ਸਥਾਨ 'ਤੇ ਖਾਲਿਸਤਾਨੀ ਝੰਡੇ ਲਹਿਰਾਉਣ ਵਾਲੇ ਹਥਿਆਰਬੰਦ ਗਰੋਹਾਂ ਨੂੰ ਗ੍ਰਿਫਤਾਰ ਕਰਨ ਲਈ ਪੁਲੀਸ ਭੇਜਣ ਦੇ ਆਦੇਸ਼ ਦੇਣ ਦੇ ਸੁਰਜੀਤ ਸਿੰਘ ਬਰਨਾਲਾ ਦੇ ਫੈਸਲੇ ਦਾ ਮੈਂ ਸਮਰਥਨ ਕੀਤਾ ਸੀ, ਇਸੇ ਲਈ ਉਸੇ ਕੰਮ ਬਦਲੇ ਉਹਨਾਂ ਨੂੰ ਪਸ਼ਚਾਤਾਪ ਕਰਦੇ ਦੇਖ ਕੇ ਮੈਨੂੰ ਬਹੁਤ ਦੁਖ ਹੋਇਆ ਹੈ। ਮੇਰਾ ਵਿਸ਼ਵਾਸ ਭੰਗ ਕਰਨ ਦੇ ਨਾਲ ਨਾਲ ਉਹਨਾਂ ਨੇ ਉਹਨਾਂ ਲੱਖਾਂ ਸਿੱਖਾਂ ਦਾ ਵੀ ਮੋਹ ਭੰਗ ਕੀਤਾ ਹੈ ਜਿਹੜੇ ਉਦੋਂ ਵੀ ਇਹੀ ਸੋਚਦੇ ਸਨ ਅਤੇ ਹੁਣ ਵੀ ਸੋਚਦੇ ਹਨ ਕਿ ਸਿੰਘ ਸਾਹਿਬਾਨ (ਵੱਡੇ ਜਾਂ ਛੋਟੇ) ਨੂੰ ਕੋਈ ਹੱਕ ਨਹੀਂ ਕਿ ਉਹ ਅਕਾਲ ਤਖ਼ਤ ਦੀ ਦੁਰਵਰਤੋਂ ਕਰਕੇ ਸਮੁੱਚੇ 'ਪੰਥ' ਅਤੇ ਦੇਸ਼ ਉਤੇ ਸਿਆਸੀ ਨੀਤੀਆਂ ਲੱਦਣ। ਜਦੋਂ ਸ੍ਰੀ ਬਰਨਾਲਾ ਨੇ ਪੁਲੀਸ ਕਾਰਵਾਈ ਦਾ ਆਦੇਸ਼ ਦਿੱਤਾ ਸੀ ਤਾਂ ਕਿਹਾ ਗਿਆ ਸੀ ਉਹ ਕੇਂਦਰ ਸਰਕਾਰ ਦੇ ਦਬਾਅ ਅੱਗੇ ਝੁਕ ਗਏ ਹਨ। ਹੁਣ ਉਹ ਇਸ ਕਾਰਨ ਪ੍ਰਾਸ਼ਚਿਤ ਕਰ ਰਹੇ ਹਨ ਕਿਉਂਕਿ ਅਕਾਲੀਆਂ ਦੇ ਇਕ ਗੁੱਟ ਨੇ ਦਬਾਅ ਪਾ ਲਿਆ ਹੈ ਅਤੇ ਇਹ ਕਿ ਉਹ ਸਿਆਸਤ ਵਿਚ ਆਪਣੀ ਹੋਂਦ ਬਰਕਰਾਰ ਰੱਖਣਾ ਚਾਹੁੰਦੇ ਹਨ। ਜਾਂ ਫਿਰ ਇਹ ਸਮਝਣਾ ਚਾਹੀਦਾ ਹੈ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਉਤੇ ਦੇਸ਼ ਵਿਰੋਧੀ ਅਨਸਰਾਂ ਦੇ ਕਬਜ਼ੇ ਨੂੰ ਹੁਣ ਠੀਕ ਸਮਝਣ ਲਗ ਪਏ ਹਨ? ਕਿਵੇਂ ਵੀ ਦੇਖੋ ਉਹਨਾਂ ਦੀ ਕਾਰਵਾਈ ਕਿਸੇ ਸਾਫ ਸਵੱਛ ਵਿਅਕਤੀ ਤੋਂ ਕੀਤੀ ਜਾਂਦੀ ਆਸ ਦੇ ਅਨੁਕੂਲ ਨਹੀਂ।

ਜਿਹੜੇ ਕੀਤੇ ਗਏ ਵਿਅਕਤੀ ਵਜੋਂ ਆਪਣਾ ਮਤਿਕਾਰ ਗੁਆ ਚੁਕਾ ਹੋਵੇ ਉਹ ਇਕ ਅਜਿਹੇ ਰੀੜਵਿਹੂਣੇ ਕਮਜ਼ੋਰ ਵਿਅਕਤੀ ਵਜੋਂ ਜਾਣੇ ਜਾਣਗੇ ਜਿਹੜੇ ਸਿਰ ਉਚਾ ਕਰਕੇ ਜੀਣ ਵਾਲੇ ਭਾਈਚਾਰੇ ਦੀ ਅਗਵਾਈ ਕਰਨ ਦੇ ਯੋਗ ਨਹੀਂ। ਜਿਥੋਂ ਤਕ ਪ੍ਰਾਂਤ ਦੀ ਅਗਵਾਈ ਦਾ ਸਵਾਲ ਹੈ, ਨਾ ਸ੍ਰੀ ਬਰਨਾਲਾ ਨੇ ਨੇਤਾ ਦੇ ਤੌਰ 'ਤੇ ਅਤੇ ਨਾ ਅਕਾਲੀਆਂ ਨੇ ਪਾਰਟੀ ਦੇ ਤੌਰ 'ਤੇ ਅੱਜ ਤਕ ਇਹ ਗੱਲ ਮਹਿਸੂਸ ਨਹੀਂ ਕੀਤੀ ਕਿ ਇਸ ਪ੍ਰਾਂਤ ਦੀ ਲਗਪਗ ਅੱਧੀ ਵਸੋਂ ਗੈਰ-ਸਿੱਖ ਹੈ ਅਤੇ ਜੇ ਉਹਨਾਂ ਨੂੰ ਰਾਜ ਭਾਗ ਵਿਚ ਪੂਰੀ ਤਰ੍ਹਾਂ ਸ਼ਾਮਲ ਨਹੀਂ ਕੀਤਾ ਜਾਂਦਾ, ਉਹ ਚੁੱਪ ਦਰਸ਼ਕ ਬਣੇ ਰਹਿਣ ਵਿਚ ਹੀ ਸੰਤੋਸ਼ ਨਹੀਂ ਕਰੀ ਰਹਿਣਗੇ। ਜੇ ਅਕਾਲੀ ਗੁਰਦੁਆਰਿਆਂ ਦੇ ਰਾਗੀਆਂ, ਗ੍ਰੰਥੀਆਂ ਅਤੇ ਭਾਈਆਂ ਦੇ ਹੁਕਮ ਮੰਨਦੇ ਰਹਿਣਗੇ ਅਤੇ ਆਪਣੇ ਆਪ ਨੂੰ ਧਰਮ ਨਿਰਪੱਖ ਤੌਰ 'ਤੇ ਖੇਤਰੀ ਪਾਰਟੀ ਵਿਚ ਤਬਦੀਲ ਨਹੀਂ ਕਰਨਗੇ ਤਾਂ ਸਰਕਾਰ ਕਾਇਮ ਕਰਨ ਦੇ ਬਚਦੇ ਥੋੜ੍ਹੇ ਬਹੁਤੇ ਅਧਿਕਾਰ ਨੂੰ ਵੀ ਗੁਆ ਬੈਠਣਗੇ।

ਇਹ ਗੱਲ ਪੁੱਛੀ ਜਾ ਸਕਦੀ ਹੈ ਕਿ ਅਕਾਲ ਤਖ਼ਤ ਅਤੇ ਸਿੰਘ ਸਾਹਿਬਾਨ ਦਾ ਸਹੀ ਅਰਥਾਂ ਵਿਚ ਰੁਤਬਾ ਕੀ ਹੈ ਜਿਸ ਦੇ ਨਾਂ ਉਤੇ ਉਹਨਾਂ ਹੁਕਮਨਾਮੇ ਜਾਰੀ ਕਰਨ ਅਤੇ ਵਿਅਕਤੀਆਂ ਨੂੰ ਤਨਖਾਹੀਆ ਕਰਾਰ ਦੇ ਕੇ ਪੰਥ 'ਚੋਂ ਕੱਢਣ ਦੇ ਅਧਿਕਾਰ ਦੀ ਦੁਰਵਰਤੋਂ ਕਰਨੀ ਸ਼ੁਰੂ ਕਰ ਦਿਤੀ ਹੈ। ਗੁਰੂ ਗ੍ਰੰਥ ਦੇ ਸ਼ੁੱਧ ਪਾਠ ਅਤੇ ਖਾਲਸਾ ਪੰਥ ਵਲੋਂ ਪ੍ਰਵਾਨਤ ਰਹਿਤ ਮਰਿਆਦਾ ਵਰਗੇ ਧਾਰਮਿਕ ਮਸਲਿਆਂ ਬਾਰੇ ਅਕਾਲ ਤਖਤ ਦੀ ਸਰਵਉੱਚਤਾ ਦਾ ਕੋਈ ਸਿੱਖ ਵਿਰੋਧ ਨਹੀਂ ਕਰਦਾ। ਪਰ ਇਸ ਤੋਂ ਅੱਗੇ ਨਹੀਂ। ਇਸ ਤੋਂ ਇਲਾਵਾ ਬੀਤੇ ਵਿਚ ਸਿੰਘ ਸਾਹਿਬਾਨ ਦੇ ਅਹੁਦਿਆਂ ਲਈ ਚੁਣੇ ਜਾਂਦੇ ਲੋਕ ਨਾ ਸਿਰਫ ਧਰਮ ਸ਼ਾਸਤਰੀ ਹੀ ਹੁੰਦੇ ਸਨ, ਸਗੋਂ ਉਹਨਾਂ ਦਾ ਜੀਵਨ ਤੇ ਚਰਿੱਤਰ ਵੀ ਮਿਸਾਲੀ ਹੁੰਦਾ ਸੀ। ਉਹ ਕਦੇ ਵੀ ਅੱਜ ਵਾਂਗ, ਸਿਆਸੀ ਧੜਿਆਂ ਦੇ ਹਿਤਾਂ ਦੀ ਪੂਰਤੀ ਕਰਨ ਲਈ ਨਹੀਂ ਸਨ ਹੁੰਦੇ। ਆਪਣੇ ਸਿਆਸੀ ਸਰਪ੍ਰਸਤਾਂ ਦੇ ਕਹਿਣ 'ਤੇ ਜਿਵੇਂ ਉਹ ਸਰਬੱਤ ਖਾਲਸਾ ਸੱਦਦੇ ਹਨ, ਜਿਵੇਂ ਵਿਰੋਧੀਆਂ ਨੂੰ ਤਨਖਾਹੀਆ ਕਰਾਰ ਦਿੰਦੇ ਹਨ ਅਤੇ ਜਿਸ ਢੰਗ ਨਾਲ ਉਹਨਾਂ ਦੀਆਂ ਨਿਯੁਕਤੀਆਂ ਅਤੇ ਬਰਖਾਸਤਗੀਆਂ ਹੁੰਦੀਆਂ ਹਨ, ਉਹਨਾਂ ਤੋਂ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਇਹਨਾਂ ਅਹੁਦਿਆਂ ਉਤੇ ਨਿਯੁਕਤ ਲੋਕਾਂ ਦੀ ਸਮਰੱਥਾ ਕਿੰਨੀ ਘੱਟ ਹੈ। ਸ੍ਰੀ ਬਰਨਾਲਾ ਦੀ ਸ਼ਾਨ ਵਿਚ ਕੋਈ ਵਾਧਾ ਨਹੀਂ ਹੋਇਆ। ਉਹਨਾਂ ਆਪਣੇ ਆਪ ਨੂੰ ਅਤੇ ਆਪਣੇ ਭਾਈਚਾਰੇ ਨੂੰ ਦੇਸ਼ ਭਰ ਵਿਚ ਮਜ਼ਾਕ ਦਾ ਪਾਤਰ ਹੀ ਬਣਾਇਆ ਹੈ।

ਇਨਸਾਨੀਅਤ ਸਭਨਾਂ ਧਰਮਾਂ ਤੋਂ ਉੱਪਰ ਹੈ
ਇਨਸਾਨ ਬਣੋ

CALL US FIRST

**Express Internationl Travel (1986) Ltd.**

IATA

Authorised Agents for All Majo Airlines of the World.

ਧਮਾਕੇਦਾਰ ਸੇਲ ਲੱਗ ਗਈ ਹੈ।

ਸਿੰਘਾਪੁਰ $1050.00 ਟਰੰਟੋ $299 Return ਕੈਲਗਰੀ $148

ਹਾਂਗਕਾਂਗ $870 RT ਇੰਗਲੈਂਡ $648 Return ਐਡਮੰਟਨ $164

- ਸਾਡੇ ਕੋਲ ਸਪੈਸ਼ਲ ਇੰਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।
- ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।
- ਇੱਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇੰਸ਼ੋਰੈਂਸ Free ਦਿੱਤੀ ਜਾਵੇਗੀ
- ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਤੇ ਹਰ ਕੋਨੇ ਵਿਚ ਸਪੈਸ਼ਲ ਸਰਵਿਸ
- ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ



AJIT KANG

5787 Victoria Drive, Vancouver, B.C. V5P 3W5 Ph. 321-8777

**2nd class Mail Reg. No. 6794**
**Monthly Magazine**

**To**

The
**lokta**
P.O.Box 67534 STN.'O'
VANCOUVER, B.C. V5W 3T9

RETURN TO SENDER
RENVOI À L'EXPÉDITEUR
Unclaimed
Non réclamé
No such address
Adresse inexistante
Address incomplete
Adresse incomplete
Moved, Address unknown
No such Post Office
Bureau inexistant
par le destinataire
Deceased
Décédé
Unknown
Inconnu





# SHAN SAREES & DRAPERY LTD.

ਪੰਜਾਬੀ ਮਾਰਕਿਟ
ਵਿੱਚ ਆਉਣ ਸਮੇਂ
ਹੋਰ ਡਿੱਗੀਆਂ
ਗਈਆਂ ਕੀਮਤਾਂ
ਤੇ ਨਵੇਂ ਪੁੱਜੇ ਮਾਲ
ਨੂੰ ਦੇਖੇ ਬਗੈਰ ਨਾ
ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਉਣ ਦੇ ਮੁਫ਼ਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ
ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ
ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ
ਖੁਸ਼ੀ ਮਹਿਸੂਸ ਕਰੇਗਾ।

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

**6543 MAIN ST. [BETWEEN 49TH. & 50TH.]**
**VANCOUVER, PH: 321-1955. 321-0847**